

23 ਮਾਰਚ
ਸ਼ਹੀਦੀ ਦਿਵਸ

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email: lokbani08@gmailcom ਬੁੱਧਵਾਰ, 23 ਮਾਰਚ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

R.N.I. Punpun/29016/2008 ✲ ਸਾਲ : 14 ✲ ਅੰਕ : 382 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111







## ਜਾਪਾਨ ਨਾਲ ਰੂਸ ਨੇ ਯੂਕਰੇਨ ਸ਼ਾਂਤੀ ਵਾਰਤਾ ਕੀਤੀ ਰੱਦ





ਜਾਪਾਨ ਵੱਲੋਂ ਯੂਕਰੇਨ ਮੁੱਦੇ ’ਤੇ ਰੂਸ ’ਤੇ ਲਾਈਆਂ ਗਈਆਂ ਪਾਬੰਦੀਆਂ ਦੇ ਜਵਾਬ ’ਚ ਰੂਸ ਨੇ ਦੋਵਾਂ ਦੇਸ਼ਾਂ ਵਿਚਾਲੇ ਚੱਲ ਰਹੀ ਸ਼ਾਂਤੀ ਸੰਧੀ ਵਾਰਤਾ ਨੂੰ ਮੁਅੱਤਲ ਕਰ ਦਿੱਤਾ ਹੈ। ਰੂਸ ਦੇ ਵਿਦੇਸ਼ ਮੰਤਰਾਲੇ ਨੇ ਸੋਮਵਾਰ ਨੂੰ ਕਿਹਾ ਕਿ ਉਸ ਨੇ ਯੂਕਰੇਨ ਦੀ ਸਥਿਤੀ ਨੂੰ ਲੈ ਕੇ ਰੂਸ ਦੇ ਖਿਲਾਫ ਜਾਪਾਨ ਦੀਆਂ ਪਾਬੰਦੀਆਂ ਦੇ ਜਵਾਬ ਵਿੱਚ ਜਾਪਾਨ ਨਾਲ ਸ਼ਾਂਤੀ ਸੰਧੀ ਗੱਲਬਾਤ ਜਾਰੀ ਨਾ ਰੱਖਣ ਦਾ ਫੈਸਲਾ ਕੀਤਾ ਹੈ। ਰੂਸ ਦੇ ਵਿਦੇਸ਼ ਮੰਤਰਾਲੇ ਦੇ ਅਨੁਸਾਰ, ਰੂਸ ਨੇ ਜਾਪਾਨ ਨਾਲ ਸ਼ਾਂਤੀ ਸੰਧੀ @ਤੇ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਖ਼ਬਰ ਏਜੰਸੀ IANS ਮੁਤਾਬਿਕ ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ, ÷ਮੌਜੂਦਾ ਹਾਲਤਾਂ ਵਿੱਚ ਰੂਸੀ ਪੱਖ ਜਾਪਾਨ ਨਾਲ ਸ਼ਾਂਤੀ ਸੰਧੀ @ਤੇ ਗੱਲਬਾਤ ਜਾਰੀ ਰੱਖਣ ਦਾ ਇਰਾਦਾ ਨਹੀਂ ਰੱਖਦਾ ਹੈ। ਇਹ ਨੋਟ ਕੀਤਾ ਗਿਆ ਹੈ ਕਿ ਇਹ ਫੈਸਲਾ ਇੱਕ ਅਜਿਹੇ ਰਾਜ ਦੇ ਨਾਲ ਦੁਵੱਲੇ ਸਬੰਧਾਂ ’ਤੇ ਬੁਨਿਆਦੀ ਦਸਤਾਵੇਜ਼ ’ਤੇ ਚਰਚਾ ਕਰਨ ਦੀ ਅਸੰਭਵਤਾ ਕਾਰਨ ਲਿਆ ਗਿਆ ਸੀ, ਜੋ ਇੱਕ ਗੈਰ-ਦੋਸਤਾਨਾ ਸਥਿਤੀ ਲੈਂਦਾ ਹੈ, RT ਨੇ ਰਿਪੋਰਟ ਕੀਤੀ। ਇਸ ਤੋਂ ਪਹਿਲਾਂ ਜਾਪਾਨ ਸਰਕਾਰ ਨੇ ਰੂਸ ਦੇ 17 ਵਿਅਕਤੀਆਂ @ਤੇ ਨਿੱਜੀ ਪਾਬੰਦੀਆਂ ਲਗਾਈਆਂ ਸਨ। ਰੂਸ, ਜਾਪਾਨੀ ਪਾਬੰਦੀਆਂ ਦੇ ਜਵਾਬ ਵਿੱਚ, ਜਾਪਾਨੀ ਨਾਗਰਿਕਾਂ ਲਈ ਦੱਖਣੀ ਕੁਰਿਲ ਟਾਪੂਆਂ ਲਈ ਵੀਜ਼ਾ-ਮੁਕਤ ਯਾਤਰਾ ਨੂੰ ਰੋਕ ਰਿਹਾ ਹੈ।

## ਪੰਜਾਬ ਸਰਕਾਰ ਵੱਲੋਂ ਅੱਜ ਛੁੱਟੀ ਦਾ ਐਲਾਨ



**ਜਲੰਧਰ/ਰਾਕੇਸ਼ ਵਰਮਾ:** ਪੰਜਾਬ ਵਿਧਾਨ ਸਭਾ ਵਿੱਚ ਅੱਜ ਰਾਜ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਹੀਦ ਭਗਤ ਸਿੰਘ, ਡਾ. ਭੀਮ ਰਾਓ ਅੰਬੇਡਕਰ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਲਗਾਉਣ ਲਈ ਸਾਂਝੇ ਤੌਰ @ਤੇ ਪ੍ਰਵਾਨਗੀ ਦੇ ਦਿੱਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ @ਤੇ 23 ਮਾਰਚ ਨੂੰ ਛੁੱਟੀ ਦਾ ਐਲਾਨ ਕੀਤਾ ਗਿਆ ਹੈ।

## ਫਾਰੂਕ ਅਬਦੁੱਲਾ ਬੋਲੇ ਕਸ਼ਮੀਰੀ ਪੰਡਤਾਂ ਮਾਮਲੇ ’ਚ ਸੱਚ ਜਾਨਣ ਲਈ ਕਮਿਸ਼ਨ ਬਣਾਓ

**ਨਵੀਂ ਦਿੱਲੀ/ਲੋਕ ਬਾਣੀ:** ਜਦੋਂ ਤੋਂ ਫਿਲਮਕਾਰ ਵਿਵੇਕ ਰੰਜਨ ਅਗਨੀਹੋਤਰੀ ਦੀ ਫਿਲਮ ‘ਦਿ ਕਸ਼ਮੀਰ ਫਾਈਲਜ਼’ ਸਾਹਮਣੇ ਆਈ ਹੈ, ਉਦੋਂ ਤੋਂ ਹੀ ਦੇਸ਼ ਭਰ @ਚ ਕਸ਼ਮੀਰੀ ਪੰਡਿਤਾਂ ਦੇ ਮੁੱਦੇ @ਤੇ ਬਹਿਸ ਜਾਰੀ ਹੈ। ਜਦੋਂ ਕਸ਼ਮੀਰੀ ਪੰਡਤਾਂ ਨੂੰ ਕਸ਼ਮੀਰ ਘਾਟੀ ਵਿੱਚੋਂ ਬਾਹਰ ਕੱਢਿਆ ਗਿਆ ਸੀ, ਉਦੋਂ ਜੰਮੂ-ਕਸ਼ਮੀਰ ਵਿੱਚ ਨੈਸ਼ਨਲ ਕਾਨਫਰੰਸ ਦੇ ਮੁਖੀ ਫਾਰੂਕ ਅਬਦੁੱਲਾ ਮੁੱਖ ਮੰਤਰੀ ਸਨ। ਇਸ ਲਈ ਮੀਡੀਆ ਨੁਮਾਇੰਦਿਆਂ ਨੇ 22 ਮਾਰਚ ਮੰਗਲਵਾਰ ਨੂੰ ਇਸ ਮੁੱਦੇ @ਤੇ ਫਾਰੂਕ ਅਬਦੁੱਲਾ ਤੋਂ ਪੁੱਛਗਿੱਛ ਕੀਤੀ। ਸਵਾਲ ਸੁਣ ਕੇ ਫਾਰੂਕ ਅਬਦੁੱਲਾ ਗੁੱਸੇ @ਚ ਆ ਗਏ ਅਤੇ ਉਨ੍ਹਾਂ ਨੇ ਭਾਰਤੀ ਜਨਤਾ ਪਾਰਟੀ (2●♦) ਦਾ ਨਾਂਅ ਲਏ ਬਿਨਾਂ ਉਨ੍ਹਾਂ ਨੂੰ ਚੁਣੌਤੀ ਦਿੰਦੇ ਹੋਏ ਕਿਹਾ, @ਜੇਕਰ ਉਹ ਸੱਚਾਈ ਜਾਣਨਾ ਚਾਹੁੰਦੇ ਹਨ।



## ਕਿਸਾਨ ਅੰਦੋਲਨ ਮੁੜ ਹੋ ਸਕਦਾ ਹੈ ਜਾਰੀ ਸੰਯੁਕਤ ਕਿਸਾਨ ਮੋਰਚਾ ਨੇ ਕੇਂਦਰ ਤੇ ਲਾਏ ਮੰਗਾਂ ਪੂਰੀਆਂ ਨਾ ਕਰਨ ਦੇ ਦੋਸ਼

**ਚੰਡੀਗੜ/ਵਿਨੋਦ ਸ਼ਰਮਾ:-** ਕਿਸਾਨ ਅੰਦੋਲਨ ਦੀਆਂ ਬਾਕੀ ਮੰਗਾਂ ਨੂੰ ਲੈ ਕੇ ਸਾਂਝਾ ਕਿਸਾਨ ਮੋਰਚਾ ਐਕਸ਼ਨ @ਚ ਨਜ਼ਰ ਆ ਰਿਹਾ ਹੈ। ਸੰਯੁਕਤ ਕਿਸਾਨ ਮੋਰਚਾ ਨੇ ਮੰਗਾਂ ਜਲਦੀ ਪੂਰੀਆਂ ਨਾ ਹੋਣ @ਤੇ ਮੁੜ ਅੰਦੋਲਨ ਸ਼ੁਰੂ ਕਰਨ ਦੀ ਚਿਤਾਵਨੀ ਦਿੱਤੀ ਹੈ। ਸੰਯੁਕਤ ਕਿਸਾਨ ਮੋਰਚਾ ਨੇ ਇਸ ਸਬੰਧੀ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਪੱਤਰ ਵੀ ਲਿਖਿਆ ਹੈ।

## ਆਮ ਆਦਮੀ ਦੀ ਜੇਬ ਤੇ ਪਿਆ ਭਾਰੀ ਬੋਝ ਗੈਸ, ਤੇਲ ਹੋਇਆ ਮਹਿੰਗਾ

**ਮੋਹਾਲੀ/ਰਕੇਸ਼ ਮਸੀਹ:-** ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਮੰਗਲਵਾਰ ਨੂੰ 80-80 ਪੈਸੇ ਪ੍ਰਤੀ ਲਿਟਰ ਦਾ ਵਾਧਾ ਕੀਤਾ ਗਿਆ, ਜਦੋਂ ਕਿ ਘਰੇਲੂ ਰਸੋਈ ਗੈਸ ਦੀਆਂ ਕੀਮਤਾਂ ਵਿੱਚ 50 ਰੁਪਏ ਪ੍ਰਤੀ ਸਿਲੰਡਰ ਦਾ ਵਾਧਾ ਕੀਤਾ ਗਿਆ। ਦਿੱਲੀ @ਚ ਪੈਟਰੋਲ ਦੀ ਕੀਮਤ ਹੁਣ 96.21 ਰੁਪਏ ਪ੍ਰਤੀ ਲਿਟਰ ਹੋ ਗਈ ਹੈ, ਜੋ ਪਹਿਲਾਂ 95.41 ਰੁਪਏ ਸੀ, ਜਦਕਿ ਡੀਜ਼ਲ ਦੀ ਕੀਮਤ 86.67 ਰੁਪਏ ਪ੍ਰਤੀ ਲਿਟਰ ਤੋਂ ਵਧ ਕੇ 87.47 ਰੁਪਏ ਹੋ ਗਈ ਹੈ। ਰਾਸ਼ਟਰੀ ਰਾਜਧਾਨੀ @ਚ 14.2 ਕਿਲੋਗ੍ਰਾਮ ਦੇ ਗੈਰ-ਸਬਸਿਡੀ ਵਾਲੇ ਐੱਲਪੀਜੀ ਸਿਲੰਡਰ ਦੀ ਕੀਮਤ ਹੁਣ 949.50 ਰੁਪਏ ਹੋਵੇਗੀ।



## ਗੈਸ, ਤੇਲ ਕੀਮਤਾਂ ਦੇ ਵਾਧੇ ਤੋਂ ਬਾਅਦ ਰਾਜ ਸਭਾ ਵਿੱਚ ਹੰਗਾਮਾ

**ਦਿੱਲੀ/ਕਪੂਰ:-** ਕਈ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਅੱਜ ਲੋਕ ਸਭਾ ਵਿੱਚ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਵਾਧੇ ਦਾ ਮੁੱਦਾ ਉਠਾਇਆ ਅਤੇ ਸਰਕਾਰ ਨੂੰ ਕੀਮਤਾਂ ਵਿੱਚ ਵਾਧੇ ਨੂੰ ਵਾਪਸ ਲੈਣ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਉਹ ਸਦਨ ਤੋਂ ਵਾਕਆਊਟ ਕਰ ਗਏ। ਇਸ ਦੌਰਾਨ ਪੈਟਰੋਲ, ਡੀਜ਼ਲ ਅਤੇ ਘਰੇਲੂ ਰਸੋਈ ਗੈਸ (ਐੱਲਪੀਜੀ) ਦੀਆਂ ਕੀਮਤਾਂ ਵਿੱਚ ਵਾਧੇ ਖ਼ਿਲਾਫ਼ ਵੱਖ-ਵੱਖ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਅੱਜ ਰਾਜ ਸਭਾ ਵਿੱਚ ਭਾਰੀ ਹੰਗਾਮਾ ਕੀਤਾ। ਇਸ ਕਾਰਨ ਸਦਨ ਦੀ ਕਾਰਵਾਈ ਇੱਕ ਵਾਰ ਮੁਲਤਵੀ ਕਰਕੇ ਬਾਅਦ ਦੁਪਹਿਰ 2 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ ਗਈ।



## ਟੋਲ ਪਲਾਜਾ ਮਾਮਲੇ ਵਿੱਚ ਨਿਤਿਨ ਗਡਕਰੀ ਦਾ ਵੱਡਾ ਐਲਾਨ

**ਦਿੱਲੀ/ਕਪੂਰ**

ਕੇਂਦਰੀ ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਲੋਕ ਸਭਾ ’ਚ ਘੋਸ਼ਣਾ ਕੀਤੀ ਕਿ ਰਾਸ਼ਟਰੀ ਰਾਜਮਾਰਗਾਂ ’ਤੇ ਇੱਕ ਦੂਜੇ ਤੋਂ 60 ਕਿਲੋਮੀਟਰ ਦੇ ਦਾਇਰੇ ’ਚ ਆਉਣ ਵਾਲੇ ਸਾਰੇ ਟੋਲ ਪੁਆਇੰਟ ਅਗਲੇ ਤਿੰਨ ਮਹੀਨਿਆਂ ’ਚ ਬੰਦ ਕਰ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ 60 ਕਿਲੋਮੀਟਰ ਦੀ ਦੂਰੀ ਦੇ ਅੰਦਰ ਸਿਰਫ਼ ਇਕ ਟੋਲ ਵਸੂਲੀ ਹੋਵੇਗੀ।




ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111


## ਸਵਤੰਤਰ ਸੰਪਾਦਕ ਪੱਤਰਕਾਰ ਸੰਘ ਵਲੋਂ ਅਮਨ ਮਹਿਰਾ ਦਾ ਮੁਬੰਈ ਵਿੱਚ ਹੋਵੇਗਾ ਸਨਮਾਨ



**ਜਲੰਧਰ/ਰਾਕੇਸ਼ ਵਰਮਾ:** ਦੇਸ਼ ਦੇ ਮੀਡੀਆ ਦੇ ਭਲੇ ਲਈ ਬਣਾਏ ਗਏ ਦੇਸ਼ ਦੇ ਵੱਡੇ ਸੰਘ ਸਵਤੰਤਰ ਸੰਪਾਦਕ ਪੱਤਰਕਾਰ ਸੰਘ ਵਲੋਂ 26 ਮਾਰਚ ਨੂੰ ਮੁਬੰਈ ਵਿੱਚ ਵਡੇ ਸੰਮੇਲਨ ਦੌਰਾਨ ਪੰਜਾਬ ਦੀ ਰਹਿਨੁਮਾਈ ਕਰਨ ਵਾਲੇ ਰੋਜਾਨਾ ਲੋਕ ਬਾਣੀ ਦੇ ਸੰਪਾਦਕ ਅਮਨ ਮਹਿਰਾ ਨੂੰ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਜਾਵੇਗਾ ਇਸ ਸਮਾਗਮ ਵਿੱਚ ਦੇਸ਼ ਭਰ ਦੇ ਉਘੇ ਮੀਡੀਆ ਚਹਰੇ ਤੇ ਬੁੱਧੀ ਜੀਵ ਹਾਜਰ ਰਹਿਣਗੇ।

# 'ਆਪ' ਸਰਕਾਰ ਦੇ ਮੰਤਰੀਆਂ ਨੇ ਸੰਭਾਲਿਆ ਚਾਰਜ, ਬੋਲੇ, ਇੱਕ ਪੈਸੇ ਦਾ ਵੀ ਭ੍ਰਿਸ਼ਟਾਚਾਰ ਨਹੀਂ ਹੋਣ ਦਿੱਤਾ ਜਾਏਗਾ



**ਚੰਡੀਗੜ੍ਹ/ਲੋਕ ਬਾਣੀ**

ਪੰਜਾਬ 'ਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਸਰਕਾਰ ਦੇ ਮੰਤਰੀਆਂ ਨੇ ਅਹੁਦੇ ਸੰਭਾਲਣੇ ਸ਼ੁਰੂ ਕਰ ਦਿੱਤੇ ਹਨ। ਸੂਬੇ ਦੇ ਨਵੇਂ ਮਾਈਨਿੰਗ, ਕਾਨੂੰਨ ਤੇ ਜੇਲ੍ਹ ਮੰਤਰੀ ਹਰਜੋਤ ਬੈਂਸ ਨੇ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਕਿਹਾ ਕਿ ਉਹ ਸਖ਼ਤ ਮਿਹਨਤ ਕਰਨਗੇ। ਇੱਕ ਪੈਸੇ ਦਾ ਵੀ ਭ੍ਰਿਸ਼ਟਾਚਾਰ ਨਹੀਂ ਹੋਣ ਦਿੱਤਾ ਜਾਵੇਗਾ। ਬਾਕੀ ਮੰਤਰੀ ਵੀ ਕੁਝ ਸਮੇਂ ਬਾਅਦ ਅਹੁਦਾ ਸੰਭਾਲ ਲੈਣਗੇ। ਇਸ ਤੋਂ ਪਹਿਲਾਂ ਕੱਲ੍ਹ ਸਾਰੇ ਮੰਤਰੀਆਂ ਨੂੰ ਵਿਭਾਗਾਂ ਦੀ ਵੰਡ ਕੀਤੀ ਗਈ ਸੀ। ਇਸ ਦੇ ਨਾਲ ਹੀ ਪੰਜਾਬ ਸਿਵਲ ਸਕੱਤਰੇਤ ਵਿੱਚ ਦਫ਼ਤਰ ਵੀ ਅਲਾਟ ਕਰ ਦਿੱਤੇ ਗਏ ਸੀ। ਸਾਰੇ ਮੰਤਰੀਆਂ ਨੂੰ ਉਨ੍ਹਾਂ ਦੇ ਦਫ਼ਤਰੀ ਕੰਮਾਂ ਲਈ ਸਟਾਫ਼ ਵੀ ਉਪਲਬਧ ਕਰਵਾ ਦਿੱਤਾ ਗਿਆ ਹੈ। ਪੰਜਾਬ ਸਰਕਾਰ ਵਿੱਚ ਇਸ ਵਾਰ ਸਾਰੇ 10 ਵਿਧਾਇਕ ਪਹਿਲੀ ਵਾਰ ਮੰਤਰੀ ਬਣੇ ਹਨ। ਇਸ ਦੇ ਨਾਲ ਹੀ 8 ਅਜਿਹੇ ਮੰਤਰੀ ਹਨ, ਜੋ ਪਹਿਲੀ ਵਾਰ ਵਿਧਾਇਕ ਚੁਣ ਕੇ ਆਏ ਹਨ। ਸਭ ਤੋਂ ਅਹਿਮ ਵਿੱਤ ਮੰਤਰਾਲਾ ਹਰਪਾਲ ਚੀਮਾ ਨੂੰ ਦਿੱਤਾ ਗਿਆ ਹੈ। @ਆਪ@ ਸਰਕਾਰ ਲਈ ਚੁਣੌਤੀ ਸਿੱਖਿਆ ਵਿਭਾਗ, ਸਭ ਤੋਂ ਘੱਟ ਉਮਰ ਦੇ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ ਤੇ ਸਿਹਤ ਮੰਤਰਾਲਾ ਡਾਕਟਰ ਵਿਜੇ ਸਿੰਗਲਾ ਨੂੰ ਸੌਂਪਿਆ ਗਿਆ ਹੈ।

ਹਰਜੋਤ ਬੈਂਸ ਨੇ ਸਾਫ ਕਿਹਾ ਹੈ ਕਿ ਉਨ੍ਹਾਂ ਦੇ ਦਫ਼ਤਰ ਵਿੱਚ ਕੋਈ ਵੀ ਸਿਫ਼ਾਰਿਸ਼ ਨਹੀਂ ਚੱਲੇਗੀ। ਉਨ੍ਹਾਂ ਦੇ ਇਲਾਕੇ ਵਿੱਚ ਹੀ ਨਾਜਾਇਜ਼ ਮਾਈਨਿੰਗ ਹੁੰਦੀ ਹੈ ਤੇ ਉਨ੍ਹਾਂ ਨੂੰ ਹੀ ਇਹ ਵਿਭਾਗ ਮਿਲ ਗਿਆ ਹੈ, ਇਸ ਲਈ ਨਾਜਾਇਜ਼ ਮਾਈਨਿੰਗ ਨੂੰ ਪੂਰੀ ਤਰ੍ਹਾਂ ਰੋਕਿਆ ਜਾਵੇਗਾ।

# 'ਦ ਕਸ਼ਮੀਰ ਫਾਈਲਜ਼' ਫਿਲਮ 'ਤੇ ਸਿਆਸੀ ਹੰਗਾਮਾ, ਕੀ ਜੰਮੂ-ਕਸ਼ਮੀਰ ਪੁਲਿਸ ਖੋਲ੍ਹੇਗੀ 30 ਸਾਲ ਪੁਰਾਣੇ ਕੇਸ ? ਡੀਜੀਪੀ ਦਿਲਬਾਗ ਸਿੰਘ ਨੇ ਦਿੱਤੇ ਸੰਕੇਤ

**ਚੰਡੀਗੜ/ਲੋਕ ਬਾਣੀ**



ਕਸ਼ਮੀਰ ਤੋਂ ਕਸ਼ਮੀਰੀ ਪੰਡਤਾਂ ਦੇ ਪਲਾਇਨ 'ਤੇ ਬਣੀ ਫਿਲਮ 'ਦ ਕਸ਼ਮੀਰ ਫਾਈਲਜ਼' ਇਨ੍ਹੀਂ ਦਿਨੀਂ ਕਾਫੀ ਚਰਚਾ @ਚ ਹੈ। ਫਿਲਮ ਨੂੰ ਲੈ ਕੇ ਕਾਫੀ ਵਿਵਾਦ ਵੀ ਹੋਇਆ ਹੈ। ਇਸ ਦੇ ਨਾਲ ਹੀ ਜੰਮੂ-ਕਸ਼ਮੀਰ ਦੇ ਡੀਜੀਪੀ ਦਿਲਬਾਗ ਸਿੰਘ ਨੇ ਕਸ਼ਮੀਰੀ ਪੰਡਿਤਾਂ ਵੱਲੋਂ 90 ਦੇ ਦਹਾਕੇ ਵਿੱਚ ਦਰਜ ਕੀਤੇ ਗਏ ਕੇਸਾਂ ਨੂੰ ਖੋਲ੍ਹਣ ਦੀ ਗੱਲ ਕਹੀ ਹੈ।

ਦਰਅਸਲ, ਫਿਲਮ @ਕਸ਼ਮੀਰ ਫਾਈਲਜ਼@ @ਚ ਦਿਖਾਏ ਗਏ ਅੱਤਿਆਚਾਰ ਅਤੇ ਕਸ਼ਮੀਰੀ ਪੰਡਿਤਾਂ ਵਲੋਂ ਦਰਜ ਐੱਫ.ਆਈ.ਆਰ ਬਾਰੇ ਗੱਲ ਕਰਦੇ ਹੋਏ ਦਿਲਬਾਗ ਸਿੰਘ ਨੇ ਕਿਹਾ, @ਜੇਕਰ ਕੋਈ ਖਾਸ ਗੱਲ ਸਾਹਮਣੇ ਆਈ ਤਾਂ ਇਸ ਦੀ ਜਾਂਚ ਕਰਾਂਗੇ।@

ਕਸ਼ਮੀਰੀ ਪੰਡਿਤਾਂ ਬਾਰੇ ਚੱਲ ਰਹੀ ਬਹਿਸ ਹੁਣ ਸੜਕ ਤੋਂ ਪਾਰਲੀਮੈਂਟ ਤੱਕ ਪਹੁੰਚ ਗਈ ਹੈ। ਮੰਗਲਵਾਰ ਨੂੰ ਸੰਸਦ ਦੇ ਸੈਸ਼ਨ ਦੌਰਾਨ ਵੀ ਇਸ ਮੁੱਦੇ @ਤੇ ਚਰਚਾ ਹੁੰਦੀ ਦੇਖੀ ਗਈ। ਦਰਅਸਲ, ਸੰਸਦ ਸੈਸ਼ਨ @ਚ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਅਤੇ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਅਤੇ ਭਾਜਪਾ ਆਹਮੋ-ਸਾਹਮਣੇ ਹੋ ਗਏ। ਜਦੋਂ ਫਾਰੂਕ ਅਬਦੁੱਲਾ ਨੂੰ ਸੰਸਦ ਤੋਂ ਬਾਹਰ ਜਾਣ ਸਮੇਂ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਕਿਹਾ, @ਮੈਨੂੰ ਲੱਗਦਾ ਹੈ ਕਿ ਉਨ੍ਹਾਂ (ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ) ਨੂੰ ਇੱਕ ਕਮਿਸ਼ਨ ਨਿਯੁਕਤ ਕਰਨਾ ਚਾਹੀਦਾ ਹੈ ਅਤੇ ਇਹ ਉਨ੍ਹਾਂ ਨੂੰ ਦੱਸੇਗਾ ਕਿ ਕੌਣ ਜ਼ਿੰਮੇਵਾਰ ਹੈ... ਤੁਸੀਂ ਸੱਚਾਈ ਜਾਣਨਾ ਚਾਹੁੰਦੇ ਹੋ@ ਤੁਹਾਨੂੰ ਇੱਕ ਕਮਿਸ਼ਨ ਨਿਯੁਕਤ ਕਰਨਾ ਚਾਹੀਦਾ ਹੈ।

# ਜਲੰਧਰ 'ਚ ਚੰਡੀਗੜ੍ਹ ਤੋਂ ਆਈ ਵਿਜੀਲੈਂਸ ਟੀਮ ਵੱਲੋਂ ਇੰਪਰੂਵਮੈਂਟ ਟਰੱਸਟ 'ਚ ਛਾਪੇਮਾਰੀ

**ਜਲੰਧਰ/ਲੋਕ ਬਾਣੀ**

ਚੰਡੀਗੜ੍ਹ ਤੋਂ ਲੋਕਲ ਬਾਡੀ ਵਿਭਾਗ ਦੀ ਵਿਜੀਲੈਂਸ ਟੀਮ ਵੱਲੋਂ ਅੱਜ ਜਲੰਧਰ ਦੇ ਇੰਪਰੂਵਮੈਂਟ ਟਰੱਸਟ ਵਿੱਚ ਛਾਪੇਮਾਰੀ ਕੀਤੀ ਗਈ। ਚੰਡੀਗੜ੍ਹ ਤੋਂ ਆਏ ਸੀਵੀਓ ਵੱਲੋਂ ਸਾਰੀਆਂ ਫਾਈਲਾਂ ਦੀ ਜਾਂਚ ਕੀਤੀ ਗਈ। ਇਸ ਦੌਰਾਨ ਸੀਈਓ ਪਰਮਿੰਦਰ ਸਿੰਘ ਨੇ ਟੀਮ ਮੈਂਬਰਾਂ ਦੀ ਤਰਫੋਂ ਇੱਕ ਕਮਰੇ ਵਿੱਚ ਬੈਠ ਕੇ ਸਾਰੀਆਂ ਫਾਈਲਾਂ ਦੀ ਜਾਂਚ ਕੀਤੀ। ਇਸ ਦੌਰਾਨ ਰਾਜੀਵ ਸੇਖੜੀ ਨੇ ਦੱਸਿਆ ਕਿ ਸੈਕਟਰੀ ਲੋਕਲ ਬਾਡੀ ਦੇ ਹੁਕਮਾਂ 'ਤੇ ਚੈਕਿੰਗ ਲਈ ਪਹੁੰਚੇ ਹਨ ਕਿਉਂਕਿ ਪਿਛਲੇ ਕਾਫੀ ਸਮੇਂ ਤੋਂ ਉਨ੍ਹਾਂ ਨੂੰ ਇੰਪਰੂਵਮੈਂਟ ਟਰੱਸਟ ਬਾਰੇ ਸ਼ਿਕਾਇਤਾਂ ਮਿਲ ਰਹੀਆਂ ਸਨ ਅਤੇ ਅੱਜ ਉਹ ਉਨ੍ਹਾਂ ਦੀ ਤਰਫੋਂ ਇੱਥੇ ਆਏ ਹਨ ਅਤੇ ਕਈਆਂ ਦੇ ਕਾਗਜ਼ਾਂ ਦੀ ਜਾਂਚ ਵੀ ਕੀਤੀ ਹੈ।



# 23 ਜਾਂ 24 ਮਾਰਚ ਨੂੰ ਕਰਨਾ ਹੈ ਸਫਰ, ਤਾਂ ਰੇਲਵੇ ਨੇ ਕਈ ਟਰੇਨਾਂ ਦਾ ਬਦਲ ਦਿੱਤਾ ਰੂਟ

**ਨਵੀਂ ਦਿੱਲੀ/ਲੋਕ ਬਾਣੀ**

ਜੇਕਰ ਤੁਸੀਂ ਕੱਲ੍ਹ ਜਾਂ ਪਰਸੋਂ ਲਈ ਰੇਲ ਟਿਕਟ ਬੁੱਕ ਕੀਤੀ ਹੈ ਤਾਂ ਇਹ ਤੁਹਾਡੇ ਲਈ ਮਹੱਤਵਪੂਰਨ ਖ਼ਬਰ ਹੈ। ਰੇਲਵੇ ਨੇ 23 ਅਤੇ 24 ਮਾਰਚ ਨੂੰ ਕਈ ਟਰੇਨਾਂ ਦੇ ਰੂਟ ਬਦਲ ਦਿੱਤੇ ਹਨ। ਇਸ ਦੇ ਨਾਲ ਹੀ ਕਈ ਟਰੇਨਾਂ ਨੂੰ ਵੀ ਰਸਤੇ @ਚ ਰੋਕਿਆ ਜਾਵੇਗਾ। ਰੇਲਵੇ ਵੱਲੋਂ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਕੇ ਜਾਣਕਾਰੀ ਦਿੱਤੀ ਗਈ ਹੈ।

ਰੇਲਵੇ ਨੇ ਜਾਣਕਾਰੀ ਦਿੱਤੀ

ਭਾਰਤੀ ਰੇਲਵੇ ਨੇ ਕਿਹਾ ਹੈ ਕਿ ਆਵਾਜਾਈ ਠੱਪ ਹੋਣ ਕਾਰਨ ਕੁਝ ਟਰੇਨਾਂ ਦਾ ਸੰਚਾਲਨ ਪ੍ਰਭਾਵਿਤ ਹੋਵੇਗਾ, ਜਿਸ ਕਾਰਨ ਉਨ੍ਹਾਂ ਦਾ ਰੂਟ ਬਦਲ ਦਿੱਤਾ ਗਿਆ ਹੈ। ਪੂਰਬੀ ਮੱਧ ਰੇਲਵੇ ਦੇ ਸੋਨਪੁਰ ਡਿਵੀਜ਼ਨ @ਤੇ ਨਾਨ-ਇੰਟਰਲਾਕਿੰਗ ਦਾ ਕੰਮ ਚੱਲ ਰਿਹਾ ਹੈ। ਜਿਸ ਕਾਰਨ 23 ਅਤੇ 24 ਮਾਰਚ ਨੂੰ ਕੁਝ




ਟਰੇਨਾਂ ਨੂੰ ਡਾਇਵਰਟ ਕੀਤਾ ਗਿਆ ਹੈ।

ਆਓ ਜਾਣਦੇ ਹਾਂ ਕਿ ਕਿਹੜੀਆਂ ਟਰੇਨਾਂ ਨੂੰ ਡਾਇਵਰਟ ਕੀਤਾ ਗਿਆ ਹੈ-

ਰੇਲਗੱਡੀ ਨੰਬਰ - 20502 ਆਨੰਦ ਵਿਹਾਰ ਟਰਮੀਨਲ - ਅਗਰਤਲਾ ਐਕਸਪ੍ਰੈਸ 23 ਮਾਰਚ 2022 ਨੂੰ ਦਾਨਾਪੁਰ-ਮੋਕਾਮਾ-ਨਵੀਂ ਬਰੌਨੀ ਰਾਹੀਂ ਰਵਾਨਾ ਹੋਵੇਗੀ।

ਰੇਲਗੱਡੀ ਨੰਬਰ - 22450 ਨਵੀਂ ਦਿੱਲੀ ਗੁਹਾਟੀ ਐਕਸਪ੍ਰੈਸ 23 ਮਾਰਚ 2022 ਨੂੰ ਦਾਨਾਪੁਰ-ਮੋਕਾਮਾ-ਨਵੀਂ ਬਰੌਨੀ ਰਾਹੀਂ ਰਵਾਨਾ ਹੋਵੇਗੀ।

ਟਰੇਨ ਨੰਬਰ - 12524 ਨਵੀਂ ਦਿੱਲੀ-ਨਿਊਜਲਪਾਈਗੁੜੀ ਨੂੰ 23 ਮਾਰਚ 2022 ਨੂੰ ਗੋਰਖਪੁਰ-ਪਨੇਵਾੜੀ-ਕਾਪਰਪੁਰਾ-ਮੁਜ਼ੱਫਰਪੁਰ ਰਾਹੀਂ ਮੋੜਿਆ ਜਾਵੇਗਾ।

ਰੇਲਗੱਡੀ ਨੰਬਰ - 15077 ਕਾਮਾਖਿਆ - ਗੋਮਤੀ ਨਗਰ ਟਰਮੀਨਸ ਐਕਸਪ੍ਰੈਸ ਕਟਿਹਾਰ-ਬਰੌਨੀ ਵਿਚਕਾਰ 22 ਮਾਰਚ ਨੂੰ 70 ਮਿੰਟ ਦੇ ਸਟਾਪ ਨਾਲ ਚਲਾਈ ਜਾਵੇਗੀ।

ਟਰੇਨ ਨੰਬਰ - 14673 ਜੈਨਗਰ-ਅੰਮ੍ਰਿਤਸਰ ਐਕਸਪ੍ਰੈਸ 24 ਮਾਰਚ 2022 ਨੂੰ ਸਮਸਤੀਪੁਰ-ਸਰਾਏ ਵਿਚਕਾਰ 80 ਮਿੰਟ ਦੇ ਸਟਾਪ ਨਾਲ ਚੱਲੇਗੀ।

ਰੇਲਗੱਡੀ ਨੰਬਰ - 15231 ਬਰੌਨੀ-ਗੋਂਦੀਆ ਐਕਸਪ੍ਰੈਸ 24 ਮਾਰਚ ਨੂੰ ਬਰੌਨੀ-ਸਰਾਏ ਵਿਚਕਾਰ ਲਗਭਗ 1 ਘੰਟੇ ਦੇ ਰੁਕੇਗੀ।

# ਦਿੱਲੀ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ, ਟਾਪ 100 @ਚ ਭਾਰਤ ਦੇ 63 ਸ਼ਹਿਰ : ਰਿਪੋਰਟ

**ਨਵੀਂ ਦਿੱਲੀ/ਲੋਕ ਬਾਣੀ**

ਰਾਸ਼ਟਰੀ ਰਾਜਧਾਨੀ ਦਿੱਲੀ 2021 ਤੋਂ ਬਾਅਦ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਹੈ ਅਤੇ ਪਿਛਲੇ ਸਾਲ ਦੁਨੀਆ ਦੇ 50 ਸ਼ਹਿਰਾਂ ਵਿੱਚੋਂ 35 ਸਭ ਤੋਂ ਖ਼ਰਾਬ ਹਵਾ ਦੀ ਗੁਣਵੱਤਾ ਵਾਲੇ ਸ਼ਹਿਰ ਭਾਰਤ ਵਿੱਚ ਸਨ। ਇੱਕ ਰਿਪੋਰਟ ਵਿੱਚ ਇਹ ਦਾਅਵਾ ਕੀਤਾ ਗਿਆ ਹੈ। ਇਹ ਰਿਪੋਰਟ ਸਵਿਸ ਸੰਗਠਨ @ਆਈਕਿਊਏਅਰ@ ਨੇ ਤਿਆਰ ਕੀਤੀ ਹੈ ਅਤੇ ਇਸ ਨੂੰ ਮੰਗਲਵਾਰ ਨੂੰ ਵਿਸ਼ਵ ਪੱਧਰ @ਤੇ ਜਾਰੀ ਕੀਤਾ ਗਿਆ। ਰਿਪੋਰਟ ਦੇ ਅਨੁਸਾਰ ਸਾਲ 2021 ਵਿੱਚ ਭਾਰਤ ਦਾ ਕੋਈ ਵੀ ਸ਼ਹਿਰ ਵਿਸ਼ਵ ਸਿਹਤ ਸੰਗਠਨ (➡8®) ਦੁਆਰਾ ਨਿਰਧਾਰਿਤ ਹਵਾ ਗੁਣਵੱਤਾ ਦੇ ਮਿਆਰ (ਪੀਐਮ-2.5 ਪ੍ਰਤੀ ਘਣ ਮੀਟਰ ਪੰਜ



ਮਾਈਕ੍ਰੋਗ੍ਰਾਮ ਗਾੜ੍ਹਾਪਣ) ਨੂੰ ਪੂਰਾ ਨਹੀਂ ਕਰ ਸਕਿਆ। ਇਹ ਰਿਪੋਰਟ ਜੋ ਸਾਲ 2021 ਵਿੱਚ ਵਿਸ਼ਵ ਪੱਧਰ @ਤੇ ਹਵਾ ਦੀ ਗੁਣਵੱਤਾ ਦੀ ਸਥਿਤੀ ਦਾ ਵਰਣਨ ਕਰਦੀ ਹੈ, 117 ਦੇਸ਼ਾਂ ਦੇ 6,475 ਸ਼ਹਿਰਾਂ ਦੇ ਜਲਵਾਯੂ ਵਿੱਚ ਪੀਐਮ-2.5 ਸੂਖਮ ਕਣਾਂ ਦੀ ਮੌਜੂਦਗੀ ਨਾਲ ਸਬੰਧਤ ਅੰਕੜਿਆਂ @ਤੇ ਅਧਾਰਤ ਹੈ। ਇਸ ਵਿੱਚ ਸਭ ਤੋਂ ਵੱਧ ਪ੍ਰਦੂਸ਼ਿਤ ਰਾਜਧਾਨੀਆਂ ਦੀ ਸੂਚੀ ਵਿੱਚ ਢਾਕਾ (ਬੰਗਲਾਦੇਸ਼) ਦੂਜੇ, ਐਂਜਾਮੀਨਾ (ਚਾਡ) ਤੀਜੇ, ਦੁਸ਼ਾਂਬੇ (ਤਾਜਿਕਸਤਾਨ) ਚੌਥੇ ਅਤੇ ਮਸਕਟ (ਓਮਾਨ) ਪੰਜਵੇਂ ਸਥਾਨ 'ਤੇ ਹੈ। ਰਿਪੋਰਟ ਜੋ ਕਿ 2021 ਵਿੱਚ ਗਲੋਬਲ ਹਵਾ ਦੀ ਗੁਣਵੱਤਾ ਦੀ ਸਥਿਤੀ ਦੀ ਇੱਕ ਸੰਖੇਪ ਜਾਣਕਾਰੀ ਪੇਸ਼ ਕਰਦੀ ਹੈ, 117 ਦੇਸ਼ਾਂ ਦੇ 6,475 ਸ਼ਹਿਰਾਂ ਦੇ ਪੀਐਮ 2.5 ਹਵਾ ਗੁਣਵੱਤਾ ਡੇਟਾ @ਤੇ ਅਧਾਰਤ ਹੈ। ਰਿਪੋਰਟ ਦੇ ਅਨੁਸਾਰ ਸਭ ਤੋਂ ਵੱਧ ਪ੍ਰਦੂਸ਼ਿਤ ਰਾਜਧਾਨੀ ਸ਼ਹਿਰਾਂ ਵਿੱਚ ਢਾਕਾ ਦਿੱਲੀ ਤੋਂ ਬਾਅਦ ਦੂਜੇ ਨੰਬਰ @ਤੇ ਹੈ, ਇਸ ਤੋਂ ਬਾਅਦ ਚਾਡ ਵਿੱਚ ਐਨ@ਜਮੇਨਾ, ਤਜ਼ਾਕਿਸਤਾਨ ਵਿੱਚ ਦੁਸ਼ਾਂਬੇ ਅਤੇ ਓਮਾਨ ਵਿੱਚ ਮਸਕਟ ਹੈ।

# ਸੁਪਰੀਮ ਕੋਰਟ ਦੇ ਪੈਨਲ ਦੀ ਰਿਪੋਰਟ ਖੇਤੀ ਕਾਨੂੰਨ ਵਾਪਸ ਲਿਆਉਣ ਵੱਲ ਇਸ਼ਾਰਾ ਕਰ ਰਹੀ ਹੈ: ਯੋਗੇਂਦਰ ਯਾਦਵ

**ਨਵੀਂ ਦਿੱਲੀ/ਲੋਕ ਬਾਣੀ:-** ਤਿੰਨ ਖੇਤੀ ਕਾਨੂੰਨਾਂ ਦਾ ਅਧਿਐਨ ਕਰਨ ਲਈ ਸੁਪਰੀਮ ਕੋਰਟ ਵੱਲੋਂ ਨਿਯੁਕਤ ਪੈਨਲ ਨੇ ਕਾਨੂੰਨਾਂ ਨੂੰ ਕਿਸਾਨਾਂ ਲਈ ਲਾਹੇਵੰਦ ਦੱਸਦਿਆਂ ਇਨ੍ਹਾਂ ਨੂੰ ਰੱਦ ਨਾ ਕਰਨ ਦੀ ਸਿਫ਼ਾਰਿਸ਼ ਕੀਤੀ ਸੀ। ਸਿਖਰਲੀ ਅਦਾਲਤ 'ਚ ਪਿਛਲੇ ਸਾਲ 19 ਮਾਰਚ ਨੂੰ ਸੌਂਪੀ ਗਈ ਰਿਪੋਰਟ ਸੋਮਵਾਰ ਨੂੰ ਜਨਤਕ ਕੀਤੀ ਗਈ ਹੈ। ਤਿੰਨ ਮੈਂਬਰੀ ਪੈਨਲ ਨੇ ਸੂਬਿਆਂ ਨੂੰ ਘੱਟੋ ਘੱਟ ਸਮੱਰਥਨ ਮੁੱਲ (ਐੱਮਐੱਸਪੀ) ਪ੍ਰਣਾਲੀ ਨੂੰ ਕਾਨੂੰਨੀ ਰੂਪ ਦੇਣ ਦੀ ਆਜ਼ਾਦੀ ਸਮੇਤ ਕਾਨੂੰਨਾਂ 'ਚ ਕਈ ਬਦਲਾਵਾਂ ਦਾ ਸੁਝਾਅ ਦਿੱਤਾ ਸੀ। ਕਿਸਾਨ ਜਥੇਬੰਦੀਆਂ ਨੇ ਕਮੇਟੀ ਦੀ ਰਿਪੋਰਟ ਨੂੰ ਇਕ ਸਾਜ਼ਿਸ਼ ਦੱਸਿਆ ਹੈ। ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਯੋਗੇਂਦਰ ਯਾਦਵ ਨੇ ਆਖਿਆ ਹੈ ਕਿ ਕਮੇਟੀ ਵੱਲੋਂ ਰੱਦ ਕੀਤੇ ਕਾਨੂੰਨਾਂ ਦੀਆਂ ਸਿਫਤਾਂ ਮਹਿਜ਼ ਮਜ਼ਾਕ ਨਹੀਂ, ਸਗੋਂ ਇੱਕ ਵੱਡੀ ਸਾਜ਼ਿਸ਼ ਦਾ ਹਿੱਸਾ ਹਨ, ਜਿਸ ਰਾਹੀਂ ਆਉਣ ਵਾਲੇ ਸਮੇਂ ਵਿੱਚ ਖੇਤੀ ਕਾਨੂੰਨਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਵਾਪਸ ਲਿਆਉਣ ਦਾ ਯਤਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਦਾ ਵਿਰੋਧ ਕਰਨ ਵਾਲੇ ਇਕ ਵੀ ਕਿਸਾਨ ਨਾਲ ਇਸ ਕਮੇਟੀ ਨੇ ਗੱਲ ਨਹੀਂ ਕੀਤੀ। ਫਿਰ ਕਿਸ ਆਧਾਰ ਉਤੇ ਰਿਪੋਰਟ ਤਿਆਰ ਹੋ ਗਈ ਕਿ ਕਿਸਾਨਾਂ ਲਈ ਕਾਨੂੰਨ ਬੜੇ ਚੰਗੇ ਹਨ। ਉਨ੍ਹਾਂ ਆਖਿਆ ਹੈ ਕਿ ਰਿਪੋਰਟ ਕਿਸੇ ਸਾਜ਼ਿਸ਼ ਤਹਿਤ ਤਿਆਰ ਕੀਤੀ ਗਈ।

# ਸ਼ਹੀਦ ਭਗਤ ਸਿੰਘ ਨੂੰ ਯਾਦ ਕਰਦਿਆਂ ..



**ਪਤਝੜ ਮੌਸਮ ਖ਼ਾਮੋਸ਼ ਹੋ ਗਿਆ ,**
**ਝੁੱਲ਼ੀ ਬੜੀ ਹਨੇਰੀ ,**
**ਮੁੜ ਆਜਾ ਭਗਤ ਸਿਆ ,**
**ਲੋੜ ਪੈ ਗਈ ਵਤਨ ਨੂੰ ਤੇਰੀ ।**

ਸਰਦਾਰ ਭਗਤ ਸਿੰਘ ਦਾ ਜਨਮ 27 ਸਤੰਬਰ 1907 ਨੂੰ ਪਿੰਡ ਬੰਗਾ, ਚੱਕ ਨੰਬਰ 105 , ਲਾਇਲਪੁਰ ਵਿਖੇ ਇਕ ਕ੍ਰਾਂਤੀਕਾਰੀ ਪਰਿਵਾਰ ਵਿਚ ਹੋਇਆ ।

ਉਨ੍ਹਾ ਦਾ ਜੱਦੀ ਪਿੰਡ ਖਟਕੜ ਕਲਾਂ, ਨਵਾਂ ਸ਼ਹਿਰ ,ਜਿਲਾ ਜਲੰਧਰ ਵਿਚ ਸੀ ਬਾਅਦ ਵਿਚ ਇਸਦਾ ਨਾਮ ਬਦਲ ਕੇ ਸ਼ਹੀਦ ਭਗਤ ਸਿੰਘ ਨਗਰ ਰੱਖ ਦਿੱਤਾ ਗਿਆ। ਉਸਦੇ ਪਿਤਾ ਦਾ ਨਾਂ ਸਰਦਾਰ ਕਿਸ਼ਨ ਸਿੰਘ ਅਤੇ ਮਾਤਾ ਦਾ ਨਾਂ ਵਿਦਿਆਵਤੀ ਸੀ।

ਜਿਸ ਦਿਨ ਭਗਤ ਸਿੰਘ ਦਾ ਜਨਮ ਹੋਇਆ ਉਸੇ ਦਿਨ ਉਸਦੇ ਚਾਚਾ ਮਾਂਡਲੇ ਦੀ ਜੇਲ ਤੋਂ ਰਿਹਾ ਹੋਕੇ ਆਏ ਸੀ।ਇਸ ਕਰਕੇ ਇਸ ਦਾ ਨਾਂ ਭਗਤ ਸਿੰਘ ਮਤਲਬ ਭਾਗਾਂ ਵਾਲਾ ਰਖ ਦਿਤਾ ਸੀ।ਉਨ੍ਹਾ ਦੇ ਪਿਤਾ ਤੇ ਦੂਸਰੇ ਚਾਚਾ ਵੀ ਪੱਕੇ ਦੇਸ਼ ਭਗਤ ਸੀ ਅਤੇ ਮਾਂ ਬੜੀ ਹੋਸਲੇ ਵਾਲੀ ,ਦਲੇਰ ਤੇ ਧਾਰਮਿਕ ਵਿਚਾਰਾਂ ਵਾਲੀ ਇਸਤਰੀ ਸੀ।

ਆਪ ਦੇ ਦਾਦਾ ਜੀ ਸਰਦਾਰ ਅਰਜਨ ਸਿੰਘ ਇੱਕ ਵਾਹੀਕਾਰ ਦੇ ਨਾਲ-ਨਾਲ ਯੂਨਾਨੀ ਹਿਕਮਤ ਦੇ ਮਾਹਿਰ ਸਨ। ਸਰਦਾਰ ਭਗਤ ਸਿੰਘ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਬਹੁਤ ਵੱਡੇ ਸਮਾਜ ਸੇਵਕ ਸਨ। ਉਹਨਾਂ ਨੇ ਸਮੇਂ - ਸਮੇਂ ਆਈਆ ਕੁਦਰਤੀ ਆਫ਼ਤਾ ਸਮੇਂ ਲੋਕਾਂ ਦੀ ਵੱਧ-ਚੜ੍ਹ ਕੇ ਮਦਦ ਕੀਤੀ। 1906 ਵਿੱਚ ਕਿਸ਼ਨ ਸਿੰਘ ਜੀ ਕਾਂਗਰਸ ਦੇ ਮੈਂਬਰ ਬਣੇ ਅਤੇ ਸਿਆਸਤ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਭਗਤ ਸਿੰਘ ਦੇ ਚਾਚਾ ਸਰਦਾਰ ਅਜੀਤ ਸਿੰਘ ਵੀ ਇੱਕ ਸਿਰਕੱਢ ਸਵਤੰਤਰਤਾ ਸਗਰਾਮੀ ਹੋਣ ਦੇ ਨਾਲ-ਨਾਲ ਇੱਕ ਪ੍ਰਭਾਵਸ਼ਾਲੀ ਬੁਲਾਰੇ ਵੀ ਸਨ।

ਭਗਤ ਸਿੰਘ ਆਪਣੇ ਚਾਚੇ ਅਜੀਤ ਸਿੰਘ ਦੀ ਸ਼ਖਸ਼ੀਅਤ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਸੀ ਅਤੇ ਇਸ ਤੋਂ ਇਲਾਵਾ ਭਗਤ ਤੇ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਦਾ ਵੀ ਬਹੁਤ ਡੂੰਘਾ ਅਸਰ ਪਿਆ। ਭਗਤ ਸਿੰਘ ਹਮੇਸ਼ਾ ਸਰਾਭੇ ਦੀ ਫ਼ੋਟੋ ਆਪਣੀ ਜੇਬ ਵਿੱਚ ਰੱਖਿਆ ਕਰਦਾ ਸੀ, ਜੋ ਗ੍ਰਿਫ਼ਤਾਰੀ ਸਮੇਂ ਵੀ ਉਸ ਕੋਲ ਸੀ ।

ਭਗਤ ਸਿੰਘ ਤਿੰਨ ਸਾਲ ਦੇ ਸੀ ਜਦੋਂ ਇਕ ਦਿਨ ਉਨ੍ਹਾ ਦੇ ਪਿਤਾ ਦੇ ਮਿੱਤਰ ਨੇ ਉਨ੍ਹਾ ਤੋ ਪੁਛਿਆ ,' ਕਾਕਾ ਤੂੰ ਕੀ ਕਰਦਾਂ ਹੈਂ ਤਾ ਭਗਤ ਸਿੰਘ ਨੇ ਕਿਹਾ , ਮੈਂ ਬੰਦੂਕਾ ਬਣਾਂਦਾ ਹਾਂ।ਉਹ ਸੁਣ ਕੇ ਹੈਰਾਨ ਹੋ ਗਿਆ।ਇਕ ਵਾਰੀ ਬਚਪਨ ਵਿਚ ਭਗਤ ਸਿੰਘ ਨੇ ਆਪਣੇ ਪਿਤਾ ਨੂੰ ਵੀ ਕਿਹਾ ਸੀ ਕੀ ਅਸੀਂ ਖੇਤਾਂ ਵਿਚ ਅਨਾਜ਼ ਦੀ ਜਗਹ ਬੰਦੂਕਾਂ ਕਿਓਂ ਨਹੀਂ ਬੀਜਦੇ ਤਾਕਿ ਅਸੀਂ ਆਪਣੇ ਦੇਸ਼ ਨੂੰ ਅਜਾਦ ਕਰ ਸਕੀਏ। ਭਗਤ ਸਿੰਘ ਨੇ ਪ੍ਰਾਇਮਰੀ ਦੀ ਪੜਾਈ ਆਪਣੇ ਪਿੰਡ ਵਿਚੋ ਪ੍ਰਾਪਤ ਕੀਤੀ ਤੇ ਉਸਨੇ ਆਪਣੀ ਉਚੇਰੀ ਵਿਦਿਆ ਲਾਹੋਰ ਤੋਂ ਪ੍ਰਾਪਤ ਕੀਤੀ । ਜਦੋਂ ਭਗਤ ਸਿੰਘ ਦੀ ਉਮਰ 9 ਸਾਲ ਦੀ ਸੀ ਉਸ ਸਮੇਂ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦਿਤੀ ਗਈ ।ਉਸਦੀ ਦਲੇਰਾਨਾ ਮੌਤ ਨੇ ਭਗਤ ਸਿੰਘ ਦੇ ਦਿਲ ਤੇ ਬੜਾ ਗਹਿਰਾ ਅਸਰ ਕੀਤਾ ਤੇ ਉਸਨੂੰ ਭਗਤ ਸਿੰਘ ਨੇ ਆਪਣਾ ਆਦਰਸ਼ ਬਣਾ ਲਿਆ।ਸਰਾਭਾ ਦਾ ਇਹ ਗੀਤ ਉਹ ਬੜੇ ਪਿਆਰ ਨਾਲ ਗਾਇਆ ਕਰਦੇ ਸੀ ,@

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ ,ਗਲਾਂ ਕਰਣੀਆਂ ਢੇਰ ਸੁਖਾਲੀਆਂ ਨੀ

ਜਿਨ੍ਹਾ ਦੇਸ਼ ਦੀ ਸੇਵਾ ਵਿਚ ਪੈਰ ਪਾਇਆ ਉਨ੍ਹਾ ਲਖਾਂ ਮੁਸੀਬਤਾਂ ਜਾਲੀਆਂ ਨੀ।

ਸਰਦਾਰ ਭਗਤ ਸਿੰਘ ਇਨਕਲਾਬੀਆਂ ਦੀਆਂ ਗੱਲਾਂ ਕਰਦਾ ਸੀ।1919 ਜਲਿਆਂ ਵਾਲੇ ਬਾਗ ਦਾ ਖ਼ੂਨੀ ਸਾਕਾ ਵਾਪਰਿਆ , ਜਿਸਦਾ ਉਨ੍ਹਾ ਦੇ ਮਨ 'ਤੇ ਬੜਾ ਡੂੰਘਾ ਅਸਰ ਹੋਇਆ ਅਗਲੇ ਦਿਨ ਹੀ ਓਹ ਅਮ੍ਰਿਤਸਰ ਚਲੇ ਗਏ ਤੇ ਉਸ ਬਾਗ ਵਿਚੋਂ ਖੂਨ ਨਾਲ ਭਰੀ ਮਿਟੀ ਆਪਣੇ ਨਾਲ ਲੈਕੇ ਵਾਪਸ ਆ ਗਏ।ਇਸ ਘਟਨਾ ਨੇ ਉਨ੍ਹਾ ਦੇ ਮਨ ਤੇ ਅੰਗਰੇਜ਼ਾ ਖਿਲਾਫ਼ ਨਫਰਤ ਭਰ ਦਿਤੀ 1 ਫਰਵਰੀ 1921 ਨੂੰ ਨਨਕਾਣਾ ਸਾਹਿਬ ਗੁਰਦੁਆਰੇ ਦੇ ਮੋਰਚੇ ਨੇ ਭਗਤ ਸਿੰਘ ਦੇ ਮਨ ਤੇ ਡੂੰਘੀ ਛਾਪ ਛੱਡੀ। ਉਹ ਆਪਣੇ ਪਿੰਡ ਵਿੱਚੋਂ ਲੰਘਦੇ ਜਾਂਦੇ ਅੰਦੋਲਨ ਕਾਰੀਆਂ ਨੂੰ ਲੰਗਰ ਛਕਾਇਆ ਕਰਦੇ ਸਨ। ਫਿਰ ਗਾਂਧੀ ਦਾ ਅੰਦੋਲਨ ਸ਼ੁਰੂ ਹੋਇਆ। ਕਈ ਨੋਜਵਾਨਾਂ ਸਕੂਲ ਤੇ ਕਾਲਜਾਂ ਦੀ ਪੜਾਈ ਛੱਡਕੇ ਆਜ਼ਾਦੀ ਦੀ ਲੜਾਈ ਦੇ ਮੈਦਾਨ ਵਿਚ ਕੁੱਦ ਪਏ ਜਿਨ੍ਹਾ ਵਿਚੋਂ ਭਗਤ ਸਿੰਘ ਵੀ ਇਕ ਸੀ।

ਗਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਉਸ ਬਾਰੇ ਲਿਖਦੇ ਹਨ 'ਭਗਤ ਸਿੰਘ ਛੇ ਫੁੱਟ ਲੰਮਾ, ਬਹੁਤ ਖੂਬਸੂਰਤ ਅਤੇ ਮੁੱਛ-ਫੁੱਟ ਨੌਜੁਆਨ ਸੀ। ' ਉਹ ਇਕ ਨਿੱਡਰ ਜਰਨੈਲ, ਫਿਲਾਸਫਰ ਅਤੇ ਉੱਚ ਦਰਜੇ ਦੀ ਰਾਜਸੀ ਸੂਝ ਰੱਖਣ ਵਾਲਾ ਸੀ। ਦੇਸ਼ ਭਗਤੀ ਦੇ ਨਾਲ-ਨਾਲ ਦੁਨੀਆ ਭਰ ਦੀ ਪੀੜਤ ਜਨਤਾ ਦਾ ਦਰਦ ਉਹਦੇ ਦਿਲ ਵਿਚ ਕੁੱਟ-ਕੁੱਟ ਕੇ ਭਰਿਆ ਹੋਇਆ ਸੀ।

ਪਰ ਭਗਤ ਸਿੰਘ ਆਪਣੀ ਨਵੇਕਲੀ ਵਿਚਾਰਧਾਰਾ ਕਰਕੇ ਸਭ ਤੋਂ ਨਿਆਰਾ ਸੀ ਅਤੇ ਅੱਜ ਵੀ ਹੈ। ਉਸ ਨੇ ਛੋਟੀ ਉਮਰ ਵਿਚ ਹੀ ਆਪਣੇ ਤਰਕਪੂਰਨ ਫਲਸਫੇ ਨਾਲ ਲੋਕ ਦੇ ਮਨਾਂ ਨੂੰ ਟੁੰਬਿਆ ਅਤੇ ਹਲੂਣਿਆ। ਨਿੱਕੀ ਉਮਰੇ ਦੇਸ਼ ਲਈ ਵੱਡੇ ਕਾਰਨਾਮਿਆਂ ਨੂੰ ਸਰਅੰਜ਼ਾਮ ਦੇਣ ਕਰਕੇ ਉਹ ਹਿੰਦੁਸਤਾਨੀਆਂ ਦੀਆਂ ਅੱਖਾਂ ਦਾ ਤਾਰਾ ਬਣ ਗਿਆ।

ਸੰਨ 1921-1922 ਈ: ਨੂੰ ਲਾਹੌਰ ਵਿਖੇ ਦੇਸ਼ ਭਗਤਾਂ ਦੁਆਰਾ ਇਕ ਨੈਸ਼ਨਲ ਕਾਲਜ ਬਣਾਇਆ ਗਿਆ ਜਿਸ 'ਵਿਚ ਭਗਤ ਸਿੰਘ ਨੂੰ ਇੱਕ ਕਠਿਨ ਪ੍ਰੀਖਿਆ ਪਾਸ ਕਰਕੇ ਕਾਲਜ ਦੇ ਪਹਿਲੇ ਸਾਲ ਹੀ ਦਾਖਲਾ ਮਿਲ ਗਿਆ। ਜੈ ਦੇਵ ਗੁਪਤਾ ਅਤੇ ਸੁਖਦੇਵ ਇਨ੍ਹਾ ਦੀ ਕਲਾਸ ਵਿਚ ਹੀ ਪੜ੍ਹਦੇ ਸਨ। ਭਗਤ ਸਿੰਘ ਦਾ ਸੁਖਦੇਵ ਨਾਲ ਕਾਲਜ ਦਾ ਇਹ ਸਾਥ ਫਾਂਸੀ ਦੇ ਤਖ਼ਤੇ ਤੱਕ ਗਿਆ।

1923 'ਚ ਘਰਦਿਆਂ ਵਲੋਂ ਵਿਆਹ ਲਈ ਜ਼ੋਰ ਪਾਉਣ 'ਤੇ ਸਰਦਾਰ ਭਗਤ ਸਿੰਘ ਨੇ ਘਰ ਛੱਡ ਦਿੱਤਾ ਅਤੇ ਕਾਨਪੁਰ ਚਲੇ ਗਏ ।ਉਥੇ ਉਨ੍ਹਾ ਨੇ ਕੁਝ ਚਿਰ ਦੈਨਿਕ ਪ੍ਰਤਾਪ ,ਵੀਰ ਅਰਜਨ ਅਤੇ ਕਿਰਤੀ ਰਸਾਲਿਆਂ ਲਈ ਕੰਮ ਕੀਤਾ।ਉਹ ਹਿੰਦੀ ਉਰਦੂ ਅੰਗ੍ਰੇਜ਼ੀ ਤੇ ਪੰਜਾਬੀ ਲਿਖਣ ਵਿਚ ਮਾਹਿਰ ਸੀ ।ਉਹ ਪ੍ਰਸਿਧ ਕ੍ਰਾਂਤੀਕਾਰੀ ਲੇਖਕਾਂ ਰੂਸੋ , ਵਾਲਟੇਅਰ, ਲੇਨਿਨ , ਮਾਰਕਸ ਆਦਿ ਦੀਆਂ ਰਚਨਾਵਾਂ ਬੜੇ ਸ਼ੋਕ ਤੇ ਧਿਆਨ ਨਾਲ ਪੜਦੇ ਤੇ ਪ੍ਰਭਾਵਿਤ ਹੁੰਦੇ। ਉਹ ਵਿਦੇਸ਼ੀ ਆਜ਼ਾਦੀ ਦੇ ਘੁਲਾਟੀਆਂ ਦੀਆਂ ਸਵੈ-ਜੀਵਨੀਆਂ ਦਾ ਭਾਰਤੀ ਭਾਸ਼ਾ ਵਿਚ ਅਨੁਵਾਦ ਕਰਨ ਦੇ ਨਾਲ ਨਾਲ ਖੁਦ ਵੀ ਕਿਤਾਬਾਂ ਤੇ ਪਰਚੇ ਲਿਖ਼ਿਆ ਕਰਦੇ ਸੀ।ਕਿਤਾਬਾਂ ਪੜਨ ਦਾ ਉਨ੍ਹਾ ਨੂੰ ਬੇਹਦ ਸ਼ੋਕ ਸੀ ।ਉਹ ਆਪਣੇ ਨਾਲ ਹਰ ਵੇਲੇ ਕਿਤਾਬ ਅਤੇ ਪਿਸਤੌਲ ਰੱਖਦੇ ਸਨ।ਇਸ ਤੋ ਬਾਅਦ ਭਗਤ ਸਿੰਘ ਤੇ ਉਸਦੇ ਸਾਥੀ

ਕਾਨਪੁਰ ਵਿਚ ਸ਼ੰਕਰ ਵਿਦਿਆਰਥੀ , ਬੀ .ਕੇ .ਦਤ, ਚੰਦਰ ਸ਼ੇਖਰ ਅਜਾਦ ਤੇ ਕੁਝ ਹੋਰ ਬੰਗਾਲੀ ਕ੍ਰਾਂਤੀਕਾਰੀਆਂ ਦੇ ਸੰਪਰਕ ਵਿਚ ਆਏ।ਭਗਤ ਸਿੰਘ ਨੂੰ ਕਰਤਾਨ ਸਿੰਘ ਸਰਾਭਾ ,ਲੈਨਿਨ ,ਜੈਕ ਲੰਡਨ,ਮੁਖ਼ਾਇਲ ਬਾਕੂਨਿਨ ਨੇ ਪ੍ਰਭਾਵਿਤ ਕੀਤਾ ।ਇਥੇ ਉਹ , ਹਿੰਦੁਸਤਾਨ ਰਿਪਬਲੀਕਨ ਐਸੋਸੀਏਸ਼ਨ ਦਾ ਮੈਂਬਰ ਬਣ ਗਏ ।ਉਨ੍ਹਾ ਦਿਨਾਂ ਵਿਚ ਗੁਰੁਦਵਾਰਿਆਂ ਦੀ ਆਜ਼ਾਦੀ ਲਈ ਜੈਤੋਂ ਦਾ ਮੋਰਚਾ ਲਗਾ ਹੋਇਆ ਸੀ ਜਿਸਦਾ ਉਨ੍ਹਾ ਨੇ ਪੁਰਜੋਸ਼ ਸੁਆਗਤ ਕੀਤਾ, ਤੇ ਪੂਰੇ ਇੱਕਠ ਨੂੰ ਲੰਗਰ ਛਕਾਇਆ ਜਿਸ ਲਈ ਉਸਦੇ ਗ੍ਰਿਫ਼ਤਾਰੀ ਦੇ ਵਰੰਟ ਜਾਰੀ ਹੋ ਗਏ ।1927 ਵਿਚ ਨੌਜੁਆਨ ਭਾਰਤ ਸਭਾ ਦੀ ਨੀਂਹ ਰੱਖੀ ਜਿਸਦਾ ਬਾਅਦ ਵਿਚ ਨਾਂ ਬਦਲਕੇ ਹਿੰਦੁਸਤਾਨ ਰਿਪਬਲੀਕਨ ਐਸੋਸੀਏਸ਼ਨ ਰੱਖ ਦਿਤਾ। 1927 ਵਿੱਚ ਕਾਕੋਰੀ ਕਾਂਡ ( ਰੇਲਗੱਡੀ ਡਾਕੇ) ਦੇ ਮਾਮਲੇ ਵਿੱਚ ਉਨ੍ਹਾ ਨੂੰ ਗਿਰਫ਼ਤਾਰ ਕਰ ਲਿਆ ਗਿਆ। 1928 ਵਿਚ ਸਾਇਮਨ ਕਮਿਸ਼ਨ ਦੇ ਵਿਰੋਧ ਵਿਚ ਇਕ ਵਡਾ ਜਲੂਸ ਕਢਿਆ ਜਿਸਦੀ ਅਗਵਾਈ ਲਾਲਾ ਲਜਪਤ ਰਾਏ ਜੀ ਕਰ ਰਹੇ ਸਨ ।ਅੰਗਰੇਜ਼ ਸਰਕਾਰ ਵਲੋ ਲਾਲਾ ਲਜਪਤ ਰਾਏ ਤੇ ਲਾਠੀਆਂ ਦੀ ਬੁਛਾੜ ਕੀਤੀ ਗਈ ਜਿਸ ਕਰਕੇ 17 ਨਵੰਬਰ 1928 ਵਿਚ ਉਨ੍ਹਾ ਦੀ ਮੌਤ ਹੋ ਗਈ।ਭਗਤ ਸਿੰਘ ਨੇ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ 17 ਦਸੰਬਰ 1928 ਨੂੰ ਲਹੋਰ ਦੇ ਪੀ.ਐਸ.ਪੀ ਮਿਸਟਰ ਸਾਂਡਰਸ ਨੂੰ ਗੋਲੀ ਮਾਰਕੇ ਲਿਆ। 8 ਅਪ੍ਰੈਲ 1929 ਜਦ ਅਸੈਂਬਲੀ ਵਿਚ ਪਬਲਿਕ ਸੇਫਟੀ ਬਿਲ ਅਤੇ ਟਰੇਡ ਡਿਸਪਿਊਟ ਦੀ ਬਹਿਸ ਹੋਈ ਤਾਂ ਭਗਤ ਸਿੰਘ ਨੇ ਐਸੰਬਲੀ ਵਿਚ ਨਕਲੀ ਬੰਬ ਸੁਟਕੇ ਜਿਸਦਾ ਮਤਲਬ ਸੀ, ਸਿਰਫ ਧਮਾਕਾ ਕਿਉਂਕਿ ਖੂਨ ਖਰਾਬੇ ਦੇ ਹੱਕ ਵਿਚ ਉਹ ਬਿਲਕੁਲ ਨਹੀਂ ਸਨ ਤੇ ਆਪਣੇ ਆਪ ਨੂੰ ਗ੍ਰਿਫ਼ਤਾਰ ਕਰਵਾ ਲਿਆ। ਬੰਬ ਸੁੱਟਣ ਦਾ ਸਾਡਾ ਉਦੇਸ਼ ਕੇਵਲ ਬੋਲੇ ਕੰਨਾ ਨੂੰ ਸੁਣਨ ਯੋਗ ਬਣਾਉਣਾ ਤੇ ਬੇਖਬਰਾਂ ਨੂੰ ਸਮੇ ਸਿਰ ਸਾਵਧਾਨ ਕਰਨਾ ਸੀ। ਇਸ ਕੇਸ ਦੇ ਦੌਰਾਨ ਸ: ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਜੇਲ੍ਹ ਅਧਿਕਾਰੀਆਂ ਵੱਲੋ ਦਿੱਤੇ ਗਏ ਮਾੜੇ ਖਾਣੇ ਅਤੇ ਮਾੜੇ ਵਤੀਰੇ ਖਿਲਾਫ ਭੁੱਖ ਹੜਤਾਲ ਵੀ ਕੀਤੀ । ਇਸ ਭੁੱਖ ਹੜਤਾਲ ਨੂੰ ਖਤਮ ਕਰਨ ਲਈ ਸਰਕਾਰ ਦੁਆਰਾ ਅਨੇਕਾਂ ਯਤਨ ਕੀਤੇ ਗਏ। 63 ਦਿਨਾਂ ਦੀ ਭੁੱਖ ਹੜਤਾਲ ਤੋਂ ਬਾਅਦ ਜਤਿਨ ਦਾਸ 13 ਸਤੰਬਰ 1929 ਈ: ਨੂੰ ਦੇਸ਼ ਦੀ ਖਾਤਰ ਆਪਣੀ ਜਾਨ ਕੁਰਬਾਨ ਕਰ ਗਿਆ।

ਭਗਤ ਸਿੰਘ ਜੇਲ੍ਹ ਦੀ ਸਖ਼ਤ ਜ਼ਿੰਦਗੀ ਦੇ ਆਦੀ ਹੋ ਗਏ ਸਨ। ਉਨ੍ਹਾਂ ਦੀ ਕੋਠੜੀ ਨੰਬਰ 14 ਦਾ ਫਰਸ਼ ਪੱਕਾ ਨਹੀਂ ਸੀ, ਉਸ 'ਤੇ ਘਾਹ ਉੱਗਿਆ ਹੋਇਆ ਸੀ। ਉਸ 'ਚ ਬੱਸ ਇੰਨੀ ਕੁ ਥਾਂ ਸੀ ਕਿ ਉਨ੍ਹਾਂ ਦਾ 5 ਫੁੱਟ 10 ਇੰਚ ਦਾ ਸਰੀਰ ਮੁਸ਼ਕਲ ਨਾਲ ਆ ਸਕੇ।

ਭਗਤ ਸਿੰਘ ਨੂੰ ਫਾਂਸੀ ਤੋਂ ਦੋ ਘੰਟੇ ਪਹਿਲਾਂ ਉਨ੍ਹਾਂ ਦੇ ਵਕੀਲ ਪ੍ਰਾਣ ਨਾਥ ਮਹਿਤਾ ਉਨ੍ਹਾਂ ਨੂੰ ਮਿਲਣ ਆਏ। ਮਹਿਤਾ ਨੇ ਬਾਅਦ ਵਿੱਚ ਲਿਖਿਆ ਕਿ ਭਗਤ ਸਿੰਘ ਆਪਣੀ ਛੋਟੀ ਜਿਹੀ ਕੋਠੜੀ 'ਚ ਪਿੰਜਰੇ 'ਚ ਬੰਦ ਸ਼ੇਰ ਵਾਂਗ ਚੱਕਰ ਲਾ ਰਹੇ ਸਨ।

ਫਾਂਸੀ ਸਮੇਂ ਭਗਤ ਸਿੰਘ ਦੀ ਉਮਰ 23 ਸਾਲ , 5 ਮਹੀਨੇ ਅਤੇ 27 ਦਿਨ ਸੀ । ਲਾਹੌਰ ਸੈਂਟਰਲ ਜੇਲ੍ਹ 'ਚ 23 ਮਾਰਚ, 1931 ਨੂੰ ਦਿਨ ਦੀ ਸ਼ੁਰੂਆਤ ਕਿਸੇ ਹੋਰ ਦਿਨ ਵਾਂਗ ਹੀ ਹੋਈ ਸੀ। ਫ਼ਰਕ ਸਿਰਫ਼ ਇਹ ਸੀ ਕਿ ਸਵੇਰੇ ਜ਼ੋਰਦਾਰ ਹਨ੍ਹੇਰੀ ਆਈ ਸੀ।

ਕੁਝ ਦੇਰ ਬਾਅਦ ਤਿੰਨਾਂ ਕ੍ਰਾਂਤੀਕਾਰੀਆਂ ਨੂੰ ਫਾਂਸੀ ਦੀ ਤਿਆਰੀ ਲਈ ਉਨ੍ਹਾਂ ਦੀਆਂ ਕੋਠੜੀਆਂ ਤੋਂ ਬਾਹਰ ਲਿਆਂਦਾ ਗਿਆ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਆਪਣੇ ਹੱਥ ਜੋੜੇ ਅਤੇ ਆਪਣਾ ਮਨਪਸੰਦ ਅਜ਼ਾਦੀ ਦਾ ਗੀਤ ਗਾਉਣੇ ਲੱਗੇ-

ਕਦੇ ਉਹ ਦਿਨ ਆਵੇਗਾ
ਕਿ ਜਦ ਅਸੀਂ ਅਜ਼ਾਦ ਹੋਵਾਂਗੇ
ਇਹ ਆਪਣੀ ਹੀ ਧਰਤੀ ਹੋਵੇਗੀ
ਇਹ ਆਪਣਾ ਅਸਮਾਨ ਹੋਵੇਗਾ

ਫਿਰ ਇਨ੍ਹਾਂ ਤਿੰਨਾਂ ਦਾ ਇੱਕ-ਇੱਕ ਕਰਕੇ ਭਾਰ ਤੋਲਿਆ ਗਿਆ। ਸਾਰਿਆਂ ਦਾ ਭਾਰ ਵਧਿਆ ਹੋਇਆ ਸੀ। ਇਨ੍ਹਾਂ ਸਾਰਿਆਂ ਨੂੰ ਅਪਣਾ ਆਖ਼ਰੀ ਇਸ਼ਨਾਨ ਕਰਨ ਲਈ ਕਿਹਾ ਗਿਆ। ਫਿਰ ਉਨ੍ਹਾਂ ਨੂੰ ਪਾਉਣ ਲਈ ਕਾਲੇ ਕੱਪੜੇ ਦਿੱਤੇ ਪਰ ਉਨ੍ਹਾਂ ਦੇ ਚਿਹਰੇ ਖੁੱਲ੍ਹੇ ਰਹਿਣ ਦਿੱਤੇ ਗਏ।

ਮਾਰਚ ਸ਼ਾਮ , ਨਿਰਧਾਰਤ ਸਮੇਂ ਤੋਂ ਇਕ ਦਿਨ ਪਹਿਲਾਂ 23 ਮਾਰਚ 1931 ਨੂੰ ਫਾਂਸੀ ਦੇ ਦਿੱਤੀ ਗਈ। ਇਨਕਲਾਬ ਜਿੰਦਾਬਾਦ ਦੇ ਨਾਅਰੇ ਲਗਾ ਕੇ ਫਾਂਸੀ ਤੇ ਲਟਕ ਗਏ ।

ਲੋਕਾਂ ਦੇ ਇਕੱਠ ਤੋਂ ਡਰਦਿਆਂ ਜੇਲ੍ਹ ਦੀ ਪਿਛਲੀ ਦੀਵਾਰ ਤੋੜ ਕੇ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਲਾਸ਼ਾਂ ਸੈਂਟਰਲ ਜੇਲ੍ਹ ਦੇ ਚੋਰ ਰਸਤੇ ਰਾਹੀਂ ਲਾਹੋਰ ਤੋਂ ਫਿਰੋਜਪੁਰ ਲਾਗੇ ਹੁਸੈਨੀਵਾਲਾ ਸਤਲੁਜ ਦਰਿਆਂ ਦੇ ਕੰਢੇ ਤੇ ਜਲ੍ਹਾ ਦਿੱਤੀਆਂ ਗਈਆਂ।

ਭਗਤ ਸਿੰਘ ਤੇ ਉਸਦੇ ਸਾਥੀਆਂ ਦਾ ਨਾਂ ਹਮੇਸ਼ਾ ਗੂੰਜਦਾ ਰਹੇਗਾ ।ਉਹਨਾਂ ਦੀ ਯਾਦ ਵਿੱਚ ਸਦਾ ਮੇਲੇ ਲੱਗਦੇ ਰਹਿਣਗੇ।ਆਓ ਸਾਰੇ ਰਲ ਕੇ ਭਗਤ ਸਿੰਘ ਦੀ ਸੋਚ ਤੇ ਪਹਿਰਾ ਦੇਈਏ ਤੇ ਉਹਨਾਂ ਦੇ ਦਿੱਤੇ ਵਿਚਾਰਾਂ ਨੂੰ ਅਪਣਾ ਕੇ ਆਪਣੇ ਦੇਸ਼ ਦੀ ਰਾਖੀ ਕਰੀਏ।



**ਗਗਨਦੀਪ ਧਾਲੀਵਾਲ**
**ਝਲੂਰ ਬਰਨਾਲਾ**

# ਮੇਰੀ ਸਾਈਕਲ



ਮੇਰੀ ਸਾਈਕਲ , ਮੇਰੀ ਸਾਈਕਲ ,
ਉਸ ਦਾ ਰੰਗ ਲਾਲ ਹੈ ,
ਸਾਰੇ ਪੁੱਛਦੇ ਮੈਨੂੰ 'ਕੀ ਹਾਲ - ਚਾਲ ਹੈ'?
ਮੈਂ ਉਸ ਦੇ ਉੱਤੇ ਬਹਿੰਦਾ ਹਾਂ ,
ਰੋਜ਼ ਗੇੜੀਆਂ ਲਗਾਉਂਦਾ ਹਾਂ ,
ਮੈਂ ਉਸ ਨੂੰ ਸਕੂਲ ਲੈ ਕੇ ਜਾਂਦਾ ਹਾਂ ,
ਸਾਈਕਲ ਨੂੰ ਖ਼ੂਬ ਭਜਾਉਂਦਾ ਹਾਂ ।

**ਆਦਿੱਤਿਆਪ੍ਰੀਤ ਸਿੰਘ , ਜਮਾਤ : ਤੀਸਰੀ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ, ਸਿੱਖਿਆ ਬਲਾਕ : ਸ੍ਰੀ ਅਨੰਦਪੁਰ ਸਾਹਿਬ , ਜ਼ਿਲ੍ਹਾ : ਰੂਪਨਗਰ ( ਪੰਜਾਬ )**



**ਗਾਈਡ ਅਧਿਆਪਕ ਮਾਸਟਰ ਸੰਜੀਵ ਧਰਮਾਣੀ**

## ਵਿਧਾਇਕ ਅਜੀਤਪਾਲ ਕੋਹਲੀ ਨੇ ਸਹਿ ਇੰਚਾਰਜ ਤੇ ਰਾਜ ਸਭਾ ਉਮੀਦਵਾਰ ਡਾ ਸੰਦੀਪ ਪਾਠਕ ਨਾਲ ਕੀਤੀ ਮੁਲਾਕਾਤ

**ਪਟਿਆਲਾ/ਜਗਦੀਸ਼:** ਆਮ ਆਦਮੀ ਪਾਰਟੀ ਪਟਿਆਲਾ ਸਹਿਰ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਆਪ ਦੇ ਪੰਜਾਬ ਸਹਿ ਇੰਨਚਾਰਜ ਤੇ ਰਾਜ ਸਭਾ ਉਮੀਦਵਾਰ ਡਾ ਸੰਦੀਪ ਪਾਠਕ ਨਾਲ ਮੁਲਾਕਾਤ ਕੀਤੀ। ਇਸ ਦੋਰਾਨ ਉਨਾਂ ਜਿਲਾ ਪਟਿਆਲਾ ਦੇ ਸਿਆਸੀ ਮਸਲਿਆ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ। ਡਾ ਸੰਦੀਪ ਪਾਠਕ ਨੇ ਕਿਹਾ ਪਟਿਆਲਾ ਸਹਿਰੀ ਸੀਟ ਅਜਿਹਾ ਹਲਕਾ ਹੈ, ਜਿਥੋਂ ਕੈਪਟਨ ਅਮਰਿੰਦਰ ਸਿੰਘ ਨੂੰ ਹਰਾਉਣਾ ਬਹੁਤ ਮੁਸਕਿਲ ਸੀ, ਫਿਰ ਵੀ ਸਮੁੱਚੇ ਵਲੰਟੀਅਰਾ ਤੇ ਆਪ ਦੇ ਕੇਡਰ ਸਦਕਾ ਇਹ ਸੀ ਜਿੱਤ ਕੇ ਲਿਆਓਣਾ ਵੱਡੀ ਗਲ ਹੈ। ਉਨਾਂ ਕਿਹਾ ਕਿ ਹੁਣ ਅਸੀਂ ਇਕੱਠੇ ਹੋ ਕੇ ਆਮ ਲੋਕਾਂ ਦੀ ਅਵਾਜ ਬੁਲੰਦ ਕਰਨੀ ਹੈ ਅਤੇ ਲੋਕਾਂ ਦੇ ਮਸਲਿਆ ਨੂੰ ਸਰਕਾਰ ਤੱਕ ਲਿਆ ਕਿ ਉਨਾ ਦਾ ਹੱਲ ਕਰਨਾ ਹੈ। ਇਸ ਦੋਰਾਨ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੇ ਸਿਪਾਹੀ ਹਨ ਅਤੇ ਪਾਰਟੀ ਦੀ ਹਰ ਜਿੰਮੇਵਾਰੀ ਨੂੰ ਸੱਚੇ ਦਿਲੋਂ ਨਿਭਾਉਣਗੇ। ਅਜੀਤਪਾਲ ਨੇ ਕਿਹਾ ਕਿ ਉਹ ਆਮ ਲੋਕਾਂ ਲਈ 24 ਘੰਟੇ ਹਾਜਰ ਰਹਿਣਗੇ।



# ਆਸ਼ਾ ਵਰਕਰਾਂ ਨੂੰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਐਲਾਨੀ ਤਨਖਾਹ ਜਾਰੀ ਕਰਨ ਦੀ ਮੰਗ ਜ਼ੋਰ ਫੜਨ ਲੱਗੀ



**ਗੁਰਦਾਸਪੁਰ/ਨਵਨੀਤ ਕੁਮਾਰ**

ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਅਤੇ ਮਜ਼ਦੂਰ ਵਿਰੋਧੀ ਨੀਤੀਆਂ ਖ਼ਿਲਾਫ਼ 28ਮਾਰਚ ਤੋਂ 29 ਮਾਰਚ ਤੱਕ ਹੋ ਰਹੀ ਦੇਸ਼ ਪੱਧਰੀ ਹੜਤਾਲ ਵਿੱਚ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੀ ਅਗਵਾਈ ਹੇਠ ਪੰਜਾਬ ਦੀਆਂ ਸਮੂਹ ਆਸ਼ਾ ਵਰਕਰਾਂ ਹੜਤਾਲ ਵਿੱਚ ਸ਼ਾਮਲ ਹੋਣਗੀਆਂ। ਮੋਦੀ ਸਰਕਾਰ ਵੱਲੋਂ ਲਏ ਕਿਰਤ ਕਾਨੂੰਨ ਵਿਰੋਧੀ ਫੈਸਲਿਆਂ ਕਾਰਨ ਮਜ਼ਦੂਰ ਜਮਾਤ ਵਿਚ ਰੋਸ ਫੈਲ ਗਿਆ ਹੈ। ਉਥੇ ਪੰਜਾਬ ਸਰਕਾਰ ਵੱਲੋਂ ਆਸ਼ਾ ਵਰਕਰਾਂ ਦੀਆਂ ਹੱਕੀ ਮੰਗਾਂ ਤੋ ਲਗਾਤਾਰ ਟਾਲ਼ਾ ਵੱਟਣਾ ਰੋਸ ਦਾ ਕਾਰਨ ਹੈ। ਕਿਉਂਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਚਮਕੌਰ ਸਾਹਿਬ ਵਿਖੇ ਆਸ਼ਾ ਵਰਕਰਾਂ, ਫੈਸੀਲੀਟੇਟਰਜ ਦੇ ਵੱਡੇ ਇਕੱਠ ਵਿੱਚ ਹੋਰ ਸਹੂਲਤਾਂ ਦੇਣ ਦੇ ਨਾਲ ਨਾਲ 2500 ਰੁਪਏ ਮਹੀਨਾ ਤਨਖਾਹ ਦੇਣ ਦਾ ਐਲਾਨ ਕੀਤਾ ਸੀ। ਇਸ ਸਬੰਧੀ ਸਿਹਤ ਵਿਭਾਗ ਵੱਲੋਂ 7 ਜਨਵਰੀ ਨੂੰ ਚੋਣ ਜ਼ਾਬਤੇ ਦੇ ਐਲਾਨ ਤੋਂ ਪਹਿਲਾਂ ਬਾਕਾਇਦਾ ਪੱਤਰ ਜਾਰੀ ਕਰਕੇ ਇਸ ਦੀ ਪੁਸ਼ਟੀ ਕਰ ਦਿੱਤੀ ਸੀ। ਪੰਜਾਬ ਦੀਆਂ 35000 ਦੇ ਲੱਗ ਭੱਗ ਆਸ਼ਾ ਵਰਕਰਜ ਅਤੇ ਫੈਸੀਲੀਟੇਟਰਜ ਖਾਤਿਆਂ ਵਿਚ ਤਨਖਾਹ ਨਾ ਪੈਣ ਕਾਰਨ ਆਪਣੇ ਆਪ ਨੂੰ ਠੱਗੀਆਂ ਮਹਿਸੂਸ ਕਰ ਰਹੀਆਂ ਹਨ। ਇਸਦੇ ਉਲਟ ਮੁੱਖ ਚੋਣ ਕਮਿਸ਼ਨਰ ਦੀਆਂ ਹਿਦਾਇਤਾਂ ਅਨੁਸਾਰ ਸਮੁੱਚੇ ਵੋਟਰਾਂ ਦਾ ਕੋਵਿਡ ਟੀਕਾਕਰਨ ਵਾਸਤੇ ਐਲਾਨੀ ਪਰ ਉਤਸ਼ਾਹਿਤ ਰਾਸ਼ੀ ਵੀ ਵਰਕਰਾਂ ਨੂੰ ਨਸੀਬ ਨਹੀਂ ਹੋਈ। ਭਾਵੇਂ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਆਸ਼ਾ ਵਰਕਰਾਂ ਦੀ ਉਜਰਤ ਦੁਗਣੀ ਕਰਨ ਦੀ ਗਰੰਟੀ ਦੇ ਕੇ ਸੱਤਾ ਹਾਸਲ ਕੀਤੀ ਹੈ। ਅਤੇ ਵਿਧਾਨ ਸਭਾ ਇਜਲਾਸ ਵਿੱਚ ਮਾਨਯੋਗ ਰਾਜਪਾਲ ਜੀ ਦੇ ਭਾਸ਼ਣ ਦੌਰਾਨ ਇਸ ਦਾ ਜ਼ਿਕਰ ਵੀ ਕੀਤਾ ਹੈ। ਜਿਸ ਦਾ ਜਥੇਬੰਦੀ ਵੱਲੋਂ ਸੁਆਗਤ ਕੀਤਾ ਹੈ। ਆਸ਼ਾ ਵਰਕਰਜ ਅਤੇ ਫੈਸੀਲੀਟੇਟਰਜ ਯੂਨੀਅਨ ਗੁਰਦਾਸਪੁਰ ਵਲੋਂ ਬਲਵਿੰਦਰ ਕੌਰ ਅਲੀ ਸ਼ੇਰ ਦੀ ਪ੍ਰਧਾਨਗੀ ਹੇਠ ਮੀਟਿੰਗ ਕਰਕੇ ਸਿਹਤ ਮੰਤਰੀ ਪੰਜਾਬ ਮੰਗ ਕੀਤੀ ਹੈ ਕਿ ਪਿਛਲੀ ਸਰਕਾਰ ਨਾਲ ਵਰਕਰਾਂ ਦੀ ਮਹੀਨਾਵਾਰ ਤਨਖਾਹ ਲਗਵਾਉਣ ਦੇ ਫੈਸਲੇ ਨੂੰ ਲਾਗੂ ਕਰਨ ਦੀ ਮੰਗ ਕੀਤੀ ਹੈ। ਅਤੇ ਘੱਟੋ ਘੱਟ ਉਜਰਤ ਕਾਨੂੰਨ ਅਨੁਸਾਰ ਬਣਦਾ ਮਿਹਨਤਾਨੇ ਦੀ ਰਾਸ਼ੀ ਜਾਰੀ ਕਰਨ, ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਵਰਕਰਾਂ ਦੀ ਖਜਲ ਖ਼ੁਆਰੀ ਰੋਕਣ ਦਾ ਮੁੱਦਾ ਵੀ ਉਠਾਇਆ ਗਿਆ ਹੈ। ਜਥੇਬੰਦੀ ਦੀ ਜਰਨਲ ਸਕੱਤਰ ਗੁਰਵਿੰਦਰ ਕੌਰ ਬਹਿਰਾਮ ਨੇ ਸਮੁੱਚੀਆਂ ਵਰਕਰਾਂ ਨੂੰ 28 ਮਾਰਚ ਨੂੰ ਹੜਤਾਲ ਕਰਕੇ ਸੁੱਕਾ ਤਲਾਅ ਗੁਰਦਾਸਪੁਰ ਵਿਖੇ ਮਜ਼ਦੂਰ ਜਮਾਤ ਨਾਲ ਇਕਮੁੱਠਤਾ ਪ੍ਰਗਟ ਕਰਨ ਲਈ ਗਿਆਰਾਂ ਵਜੇ ਪੁੱਜਣ ਦਾ ਸੱਦਾ ਦਿੱਤਾ ਹੈ। ਇਸ ਮੌਕੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੀ ਸੂਬਾਈ ਪ੍ਰਚਾਰ ਸਕੱਤਰ ਬਲਵਿੰਦਰ ਕੌਰ ਰਾਵਲਪਿੰਡੀ, ਕਾਂਤਾ ਦੇਵੀ ਬਟਾਲਾ, ਮੀਰਾਂ ਦੇਵੀ ਕਾਹਨੂੰਵਾਨ, ਗੁਰਵਿੰਦਰ ਕੌਰ ਦੁਰਾਗਲਾ , ਹਰਪ੍ਰੀਤ ਕੌਰ ਤੁੰਗ, ਅਤੇ ਅਮਰਜੀਤ ਸ਼ਾਸਤਰੀ ਮੁੱਖ ਸਲਾਹਕਾਰ ਨੇ ਹੜਤਾਲ ਦੀ ਤਿਆਰੀ ਲਈ ਪਿੰਡ ਪਿੰਡ ਮੀਟਿੰਗਾਂ ਕਰਨ ਦੀ ਅਪੀਲ ਕੀਤੀ।

# ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਪੰਜਾਬ ਗੁਰਦਾਸਪੁਰ ਵਲੋਂ ਨਵੀਂ ਸਿੱਖਿਆ ਨੀਤੀ ਵਿਰੁੱਧ ਸੈਮੀਨਾਰ 27 ਮਾਰਚ



**ਗੁਰਦਾਸਪੁਰ-ਨਵਨੀਤ ਕੁਮਾਰ:-** ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਪੰਜਾਬ ਗੁਰਦਾਸਪੁਰ ਵਲੋਂ 27 ਮਾਰਚ ਨੂੰ ਆਲ ਇੰਡੀਆ ਫੋਰਮ ਫਾਰ ਰਾਇਟ ਟੂ ਐਜੂਕੇਸ਼ਨ ਪੰਜਾਬ ਵਲੋਂ ਰਾਮ ਸਿੰਘ ਦੱਤ ਹਾਲ ਗੁਰਦਾਸਪੁਰ ਵਿਖੇ ਨਵੀਂ ਸਿੱਖਿਆ ਨੀਤੀ 2020 ਦੇ ਵਿਰੋਧ ਵਿਚ ਕਰਵਾਏ ਜਾ ਰਹੇ ਸੈਮੀਨਾਰ ਵਿੱਚ ਵੱਡੀ ਗਿਣਤੀ ਵਿਚ ਭਾਗ ਲੈਣ ਦਾ ਐਲਾਨ ਕੀਤਾ ਹੈ। ਮੋਦੀ ਸਰਕਾਰ ਵੱਲੋਂ ਪਾਸ ਕੀਤੀ ਇਸ ਸਿਖਿਆ ਨੀਤੀ ਦੇ ਨੁਕਸਾਨ ਦੱਸਣ ਲਈ ਸਮੁੱਚੇ ਭਾਰਤ ਦੇ ਲੋਕ ਪੱਖੀ ਬੁਧੀਜੀਵੀਆਂ ਵਲੋਂ ਜਨ ਚੇਤਨਾ ਮੁਹਿੰਮ ਚਲਾਈ ਜਾ ਰਹੀ ਹੈ। ਇਸ ਸੈਮੀਨਾਰ ਨੂੰ ਸ਼ਹੀਦ ਭਗਤ ਸਿੰਘ ਦੇ ਭਾਣਜੇ ਜਮੂਹਰੀ ਅਧਿਕਾਰ ਸਭਾ ਦੇ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਸੰਬੋਧਨ ਕਰਨਗੇ। ਹਰਜਿੰਦਰ ਸਿੰਘ ਵਡਾਲਾ ਬਾਂਗਰ ਦੀ ਅਗਵਾਈ ਹੇਠ ਡੀ ਐਮ ਐਫ ਪੰਜਾਬ ਦੀ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਇਸ ਫੋਰਮ ਦੇ ਕੋ ਕਨਵੀਨਰ ਵਿਦਿਆਰਥੀ ਨੇਤਾ ਅਮਰ ਕ੍ਰਾਂਤੀ ਨੇ ਦੱਸਿਆ ਕਿ ਭਾਰਤ ਸਰਕਾਰ ਨੇ ਰਾਜਾਂ ਦੇ ਅਧਿਕਾਰਾਂ ਨੂੰ ਅੱਖੋ ਪਰੋਖੇ ਕਰਕੇ ਇਸ ਨੂੰ ਆਪ ਹੁਦਰੇ ਢੰਗ ਨਾਲ ਲਾਗੂ ਕਰਨ ਜਾ ਰਹੀ ਹੈ। ਜਿਸ ਦਾ ਸਿੱਧਾ ਅਸਰ ਸੰਵਿਧਾਨ ਦੀ ਧਰਮ ਨਿਰਪੱਖਤਾ ਅਤੇ ਸਮਾਜਵਾਦੀ ਸੰਕਲਪਾਂ ਤੇ ਪੈਣ ਜਾ ਰਿਹਾ ਹੈ। ਘੋਰ ਗਰੀਬੀ ਕਾਰਨ ਪਹਿਲਾਂ ਹੀ ਹਾਸੀਏ ਧੱਕੀ ਭਾਰਤ ਦੀ ਅੱਸੀ ਪ੍ਰਤੀਸ਼ਤ ਆਬਾਦੀ ਤੋਂ ਮਹਿੰਗੀ ਸਿਖਿਆ ਕਾਰਨ ਲਾਜ਼ਮੀ ਤੇ ਮੁਫ਼ਤ ਸਿੱਖਿਆ ਅਧਿਕਾਰ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਬੰਧੀ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਡੈਮੋਕ੍ਰੇਟਿਕ ਟੀਚਰਜ਼ ਫਰੰਟ ਵੱਲੋਂ ਨਵੀਂ ਸਿੱਖਿਆ ਨੀਤੀ ਵਿਰੋਧੀ ਦੀਹਾੜਾ ਮਨਾਉਣ ਦਾ ਫੈਸਲਾ ਕੀਤਾ ਹੈ। ਸਕੂਲਾਂ ਵਿਚ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਇਸ ਵਿਰੁੱਧ ਲਾਮਬੰਦ ਕੀਤਾ ਜਾਵੇਗਾ। ਇਸ ਮੌਕੇ ਅਮਰਜੀਤ ਸਾਸਤਰੀ, ਪ੍ਰਿੰਸੀਪਲ ਅਮਰਜੀਤ ਸਿੰਘ ਮਨੀ, ਬਲਵਿੰਦਰ ਕੌਰ ਰਾਵਲਪਿੰਡੀ, ਅਮਰਜੀਤ ਸਿੰਘ ਕੋਠੇ ਘੁਰਾਲਾ, ਡਾਕਟਰ ਸਤਿੰਦਰ ਸਿੰਘ ਮਨੋਹਰ ਲਾਲ, ਗੁਰਦਿਆਲ ਚੰਦ ਬਲਵਿੰਦਰ ਕੌਰ, ਗੁਰਵਿੰਦਰ ਕੌਰ, ਨਿਰਮਲ ਸਿੰਘ ਸਰਵਾਲੀ ਨੇ ਵੀ ਸਮੂਹ ਜਥੇਬੰਦੀਆਂ ਦੇ ਆਗੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਸੈਮੀਨਾਰ ਵਿਚ ਵੱਡੀ ਗਿਣਤੀ ਵਿਚ ਸ਼ਾਮਿਲ ਹੋ ਕੇ ਮੋਦੀ ਸਰਕਾਰ ਦੀ ਫਾਸ਼ੀਵਾਦੀ ਨੀਤੀਆਂ ਦਾ ਪਰਦਾਫਾਸ਼ ਕਰਨ।

# ਪਰਮਾਰਥ ਸੇਵਾ ਕਾਜ ਸਮਿਤੀ ਪਟਿਆਲਾ ਦੁਆਰਾ ਏਕਤਾ ਨਗਰ ਵਿਚ ਦੂਸਰਾ ਸ੍ਰੀ ਰਾਮ ਚਰਿੱਤਰ ਮਾਨਸ ਦਾ ਅਖੰਡ ਪਾਠ ਦਾ ਆਯੋਜਿਨ ਕੀਤਾ



**ਪਟਿਆਲਾ/ਜਗਦੀਸ਼**

ਪਰਮਾਰਥ ਸੇਵਾ ਕਾਜ ਸਮਿਤੀ ਪਟਿਆਲਾ ਦੁਆਰਾ ਏਕਤਾ ਨਗਰ ਵਿਚ ਦੂਸਰਾ ਸ੍ਰੀ ਰਾਮ ਚਰਿੱਤਰ ਮਾਨਸ ਦਾ ਅਖੰਡ ਪਾਠ ਦਾ ਆਯੋਜਿਨ ਕੀਤਾ ਗਿਆ। ਜਿਸ ਵਿੱਚ ਸਮਿਤੀ ਦੁਆਰਾ ਚਾਰ ਜਰੂਰਤਮੰਦ ਮਹਿਲਾਵਾਂ ਨੂੰ ਸਵੈ-ਰੁਜ਼ਗਾਰ ਲਈ ਸਿਲਾਈ ਮਸ਼ੀਨ ਦਿੱਤੀ ਗਈ ਅਤੇ 12 ਗਰੀਬ ਬੱਚਿਆਂ ਨੂੰ ਕਾਪੀਆਂ, ਪੈਨਸ਼ਿਲਾਂ ਦਿੱਤੀਆਂ ਗਈਆਂ। ਸਮਿਤੀ ਦੁਆਬਾ ਭਵਿੱਖ ਵਿੱਚ ਜ਼ਰੂਰਤਮੰਦ ਲੋਕਾਂ ਦੀ ਸੇਵਾ ਕਰਨ ਦਾ ਪ੍ਰਣ ਕੀਤਾ ਗਿਆ। ਜਿਸ ਕਾਰਨ ਸਮਾਜ ਯੁਵਾ ਵਰਗ ਵਿੱਚ ਜਾਗਰੂਕਤਾ ਆਏ। ਰਾਮ ਚਰਿੱਤਰ ਮਾਨਸ ਦੇ ਪਾਠ ਵਿੱਚ ਮੁੱਖ ਮਹਿਮਾਨ ਪ੍ਰਸਿੱਧ ਸਮਾਜ ਸੇਵਕ ਲਾਲ ਸਿੰਘ ਪ੍ਰਧਾਨ, ਗੰਗਾ ਐਜੂਕੇਸ਼ਨ ਵੈਲਫੇਅਰ ਸੁਸਾਇਟੀ, ਸ਼ਾਮਿਲ ਹੋਏ। ਮੁੱਖ ਮਹਿਮਾਨ ਦੇ ਤੌਰ ਤੇ ਉਹਨਾਂ ਨੇ ਪਰਮਾਰਥ ਸੇਵਾ ਸਮਿਤੀ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਅਤੇ ਉਹਨਾਂ ਨੇ ਸਮਿਤੀ ਦੇ ਕਾਰਜਾਂ ਦੀ ਪ੍ਰਸੰਸਾ ਕੀਤੀ। ਅੱਗੇ ਤੋਂ ਅਜਿਹੇ ਕਾਰਜ ਕਰਨ ਲਈ ਪ੍ਰੇਰਿਤ ਕੀਤਾ।

ਪਾਠ ਦੇ ਦੌਰਾਨ ਕਲੱਸ਼ ਯਾਤਰਾ ਕੱਢੀ ਗਈ। ਜਿਸ ਵਿੱਚ 60 ਮਹਿਲਾਵਾਂ ਨੇ ਭਾਗ ਲਿਆ। ਉਸ ਤੋਂ ਬਾਅਦ ਰਾਮ ਚਰਿੱਤਰ ਮਾਨਸ ਪਾਠ ਸ਼ੁਰੂ ਕੀਤਾ ਗਿਆ। ਉਸਦੇ ਬਾਅਦ ਮੰਡਲੀ ਦੁਆਰਾ ਸੁੰਦਰ ਭਜਨਾਂ ਦੇ ਨਾਲ ਲੋਕਾ ਨੂੰ ਖੁਸ਼ ਕਰ ਦਿੱਤਾ । ਸਾਰੇ ਭਗਤ ਭਜਨ ਸੁਣ ਕੇ ਨੱਚਣ ਲੱਗੇ। ਉਸ ਤੋਂ ਬਾਅਦ ਆਏ ਹੋਏ ਭਗਤਾਂ ਵਿੱਚ ਭਗਵਾਨ ਰਾਮ ਜੀ ਦਾ ਪ੍ਰਸਾਦ ਵਿਤਰਣ ਕੀਤਾ ਗਿਆ।

ਪਾਠ ਵਿੱਚ ਪਟਿਆਲਾ ਦੇ ਸਾਰੇ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਨੇ ਭਾਗ ਲਿਆ। ਜਿਨ੍ਹਾਂ ਨੂੰ ਸਮਿਤੀ ਦੁਆਰਾ ਸਨਮਾਨਿਤ ਕੀਤਾ ਗਿਆ। ਵੱਖ ਵੱਖ ਸਮਾਜਿਕ ਕੰਮ ਕਰਨ ਵਾਲਿਆਂ ਨੂੰ ਵੀ ਸਮਿਤੀ ਦੁਆਰਾ ਸਮਾਜ ਵਿੱਚ ਉਹਨਾਂ ਦੁਆਰਾ ਕੀਤੇ ਕੰਮ ਦੇ ਲਈ ਸਨਮਾਨਿਤ ਕੀਤਾ ਗਿਆ। ਪਾਠ ਵਿੱਚ ਸਮਿਤੀ ਦੇ ਸਾਰੇ ਮੈਂਬਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਜਿਨ੍ਹਾਂ ਵਿੱਚ ਪੂਰਨ ਸਿੰਘ ਜੀਨਾ, ਮਾਧੋ ਸਿੰਘ ਵਿਸ਼ਟ, ਸੁਰਿੰਦਰ ਸਿੰਘ ਨੇਗੀ, ਆਰਤੀ ਵਿਸ਼ਟ, ਦੇਵਿੰਦਰ ਸਿੰਘ ਰਾਣਾ, ਗੋਪਾਲ, ਭੂਸ਼ਮ ਕੁਮਾਰ, ਗੁਰਜੀਤ ਸਿੰਘ ਹੈਪੀ, ਸੰਦੀਪ ਕੁਮਾਰ, ਪ੍ਰਵੀਨ ਸੈਣੀ, ਆਦਿ ਹੋਰ ਮੈਂਬਰ ਨੇ ਆਪਣਾ ਯੋਗਦਾਨ ਦਿੱਤਾ।

# ਟ੍ਰੈਫਿਕ ਇੰਸਪੈਕਟਰ ਪੁਸ਼ਪਾ ਦੇਵੀ ਵੱਲੋਂ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਸੈਮੀਨਾਰ ਲਗਾਇਆ



**ਪਟਿਆਲਾ/ਜਗਦੀਸ਼**

ਅੱਜ ਬੀ.ਐੱਨ.ਖਾਲਸਾ. ਸੀਨੀਅਰ ਸੈਕੰਡਰੀ ਸਕੂਲ 'ਮਾਲ ਰੋਡ' ਪਟਿਆਲਾ ਵਿਖੇ ਟ੍ਰੈਫਿਕ ਇੰਸਪੈਕਟਰ ਸ੍ਰੀਮਤੀ ਪੁਸ਼ਪਾ ਦੇਵੀ ਵੱਲੋਂ ਜਿਲ੍ਹਾ ਐੱਸ.ਐੱਸ.ਪੀ. ਪਟਿਆਲਾ ਸ੍ਰੀ ਸੰਦੀਪ ਗਰਗ ਜੀ ਅਤੇ ਸ੍ਰ ਹਰਪਾਲ ਸਿੰਘ ਐੱਸ ਪੀ ਸਿਟੀ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲੀ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ, ਨਸ਼ਾ ਛਡਾਉਣ ਬਾਰੇ, ਛੋਟੇ ਬੱਚਿਆਂ ਨੂੰ ਗੁੱਡ ਟੱਚ, ਬੈਡ ਟੱਚ ਬਾਰੇ ਅਤੇ ਸਮਾਜ ਨੂੰ ਕਿੱਦਾਂ ਅਪਰਾਧ ਅਤੇ ਨਸ਼ਾ ਮੁਕਤ ਕੀਤਾ ਜਾ ਸਕਦਾ ਹੈ। ਆਪਣੇ ਇਸ ਪ੍ਰੋਗਰਾਮ ਤਹਿਤ ਉਨ੍ਹਾਂ ਵਿਦਿਆਰਥੀਆਂ ਨੂੰ ਸਮਝਾਇਆ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਿੱਦਾਂ-ਕਿੱਦਾਂ ਕਰਨਾ ਅਤੇ ਕਿਉਂ ਜਰੂਰੀ ਹੈ। ਵਿਸਥਾਰ ਸਹਿਤ ਸਮਝਾਉਂਦਿਆ ਉਨ੍ਹਾਂ ਇਹ ਵੀ ਦੱਸਿਆ ਕਿ ਕਿਵੇਂ ਸੜਕ ਉੱਤੇ ਦੁਰਘਟਨਾ ਦਾ ਸ਼ਿਕਾਰ ਹੋਏ ਲੋਕਾਂ ਦੀ ਬਿਨਾਂ ਕਿਸੇ ਡਰ ਭੈ ਤੋਂ ਮਦਦ ਕਰਨੀ ਚਾਹੀਦੀ ਹੈ। ਜਿਸ ਨਾਲ ਉਹ ਕਿੰਨੀਆਂ ਹੀ ਅਣਮੁੱਲੀਆਂ ਜਿੰਦ-ਜਾਨਾਂ ਬਚਾ ਸਕਦੇ ਹਨ। ਦੱਸਿਆ ਕਿ ਇਮਾਨਦਾਰੀ ਸੱਭ ਤੋਂ ਉੱਤਮ ਕਰਮ ਹੈ,ਰਿਸ਼ਵਤ ਲੈਣਾ ਜਾਂ ਦੇਣਾ ਦੋਵੇਂ ਹੀ ਜ਼ੁਰਮ ਹਨ । ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਦੱਸਦਿਆਂ ਉਨ੍ਹਾਂ ਵਿਦਿਆਰਥੀਆਂ ਨੂੰ ਗੈਰ ਸਮਾਜਿਕ ਤੱਤਾਂ ਤੋਂ ਕਿਵੇਂ ਸੁਚੇਤ ਰਹਿ ਕੇ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਵਿਦਿਆਰਥੀਆਂ ਅਤੇ ਸਟਾਫ ਨੇ ਵਿਸਥਾਰ ਅਤੇ ਬਹੁਤ ਹੀ ਧਿਆਨ ਨਾਲ ਇੰਸਪੈਕਟਰ ਸਾਹਿਬ ਵੱਲੋਂ ਦਿੱਤੀਆਂ ਜਾਣਕਾਰੀਆਂ ਅਤੇ ਸਿੱਖਿਆਵਾਂ ਨੂੰ ਸੁਣਿਆ ਅਤੇ ਆਨੰਦ ਮਾਣਿਆ। ਸਾਰਿਆਂ ਰਲ ਕੇ ਸੰਹੁ ਵੀ ਚੁੱਕੀ ਕਿ ਅਸੀਂ ਸਮਾਜ ਅਤੇ ਦੇਸ਼ ਨੂੰ ਹਰ ਤਰ੍ਹਾਂ ਸਿਖਰਾਂ ਉੱਤੇ ਪਹੁੰਚਾਉਣ ਲਈ ਹਰ ਤਰ੍ਹਾਂ ਦਾ ਯੋਗਦਾਨ ਪਾਵਾਗੇ। ਬੀ.ਐੱਨ.ਖਾਲਸਾ ਸਕੂਲ ਮਾਲ ਰੋਡ ਪਟਿਆਲਾ ਦੀ ਮੈਨੇਜਮੈਂਟ, ਪ੍ਰਿੰਸੀਪਲ ਰੁਪਿੰਦਰ ਕੌਰ, ਸਕੂਲ ਮੁਖੀ ਗੁਰਦੀਸ਼ ਸਿੰਘ ਅਤੇ ਸਟਾਫ ਵੱਲੋਂ ਐੱਸ.ਐੱਸ.ਪੀ. ਪਟਿਆਲਾ ਸੰਦੀਪ ਗਰਗ,ਸ੍ਰ ਹਰਪਾਲ ਸਿੰਘ ਐੱਸ.ਪੀ.ਸਿਟੀ ਅਤੇ ਇੰਸਪੈਕਟਰ ਪੁਸ਼ਪਾ ਦੇਵੀ ਜੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਾਰਿਆਂ ਆਸ ਪ੍ਰਗਟਾਈ ਕਿ ਪ੍ਰਸ਼ਾਸ਼ਨ ਪੁਲਿਸ ਇਸੇ ਤਰ੍ਹਾਂ ਸਮੇਂ-ਸਮੇਂ ਵਿਦਿਆਰਥੀਆਂ ਅਤੇ ਸਮਾਜ ਨੂੰ ਜਾਗਰੂਖ ਕਰਦਾ ਰਹੇਗਾ।

Website : www.lokbani.com
lokbani08@gmail.com

# ਐਸਡੀਐਮ ਅਤੇ ਤਹਿਸੀਲਦਾਰ ਦੇ ਸਟਾਫ ਵੱਲੋਂ ਤਹਿਸੀਲ ਕੰਪਲੈਕਸ ਵਿਖੇ ਸਰਬੱਤ ਦੇ ਭਲੇ ਲਈ ਸਲਾਨਾ ਧਾਰਮਿਕ ਸਮਾਗਮ ਕਰਵਾਇਆ

**ਰਾਏਕੋਟ/ਗੋਗੀ:-** ਸਥਾਨਕ ਐਸਡੀਐਮ ਅਤੇ ਤਹਿਸੀਲਦਾਰ ਦੇ ਸਟਾਫ ਵੱਲੋਂ ਤਹਿਸੀਲ ਕੰਪਲੈਕਸ ਵਿਖੇ ਸਰਬੱਤ ਦੇ ਭਲੇ ਲਈ ਸਲਾਨਾ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਬਾਬਾ ਹਰਵਿੰਦਰ ਸਿੰਘ ਖਾਲਸਾ ਭੈਣੀ ਬੜਿੰਗਾ ਵਾਲੇ ਦੇ ਕੀਰਤਨੀ ਜੱਥੇ ਵੱਲੋਂ ਰਸਭਿੰਨਾਂ ਕੀਰਤਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਐਸਡੀਐਮ ਗੁਰਬੀਰ ਸਿੰਘ ਕੋਹਲੀ ਨੇ ਕਿਹਾ ਕਿ ਤਹਿਸੀਲ ਕੰਪਲੈਕਸ ਵਿਖੇ ਜੋ ਸਮੂਹ ਸਟਾਫ ਵੱਲੋਂ ਸ੍ਰੀ ਗੁਰੂ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਹਨ, ਉਹ ਬਹੁਤ ਹੀ ਸਲਾਘਾਯੋਗ ਕਦਮ ਹੈ।



ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਣਾ ਚਾਹੀਦਾ ਹੈ। ਇਸ ਮੌਕੇ ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ਅਤੇ ਸੇਵਾਦਾਰਾਂ ਵੱਲੋਂ ਤਨਮਨ ਨਾਲ ਸੇਵਾ ਨਿਭਾਈ ਗਈ। ਇਸ ਮੌਕੇ ਵਿਧਾਇਕ ਹਾਕਮ ਸਿੰਘ ਠੇਕੇਦਾਰ, ਤਹਿਸੀਲਦਾਰ ਪਰਮਜੀਤ ਸਿੰਘ ਬਰਾੜ, ਨਾਇਬ ਤਹਿਸੀਲਦਾਰ ਕਰਮਜੀਤ ਸਿੰਘ, ਸਰਬਜੀਤ ਸਿੰਘ ਬੋਪਾਰਾਏ, ਜਤਿੰਦਰ ਸਿੰਘ ਗਰੇਵਾਲ, ਨਾਇਬਕੋਰਟ ਸੁਖਵਿੰਦਰ ਸਿੰਘ, ਰਾਮ ਕੁਮਾਰ ਛਾਪਾ, ਗੁਰਦੇਵ ਸਿੰਘ ਬਾਵਾ, ਬਿੰਦਰਜੀਤ ਸਿੰਘ ਗਿੱਲ, ਦਲਜੀਤ ਸਿੰਘ ਅਕਾਲਗੜ੍ਹ, ਰਾਜਦੀਪ ਸਿੰਘ ਆਂਡਲੂ, ਮਾ. ਹਰਜੀਤ ਸਿੰਘ, ਸਤਨਾਮ ਸਿੰਘ ਸਰਾਂ, ਜਗਦੇਵ ਸਿੰਘ ਗਰੇਵਾਲ, ਬਲਵੰਤ ਸਿੰਘ ਜੰਟਾ, ਵਿਪਨ ਡਾਬਰ, ਸਾਹਿਲ ਗੋਇਲ, ਰਵਿੰਦਰ ਸਿੰਘ ਰਵੀ, ਸੁਰਜੀਤ ਸਿੰਘ, ਪ੍ਰਧਾਨ ਨਰਿੰਦਰ ਸਿੰਘ, ਅਮਰਜੀਤ ਸਿੰਘ ਰਛੀਨ, ਦਿਨੇਸ਼ ਕੁਮਾਰ ਪਟਵਾਰੀ, ਗੁਰਮਿੰਦਰ ਸਿੰਘ ਤੂਰ, ਜਗਸੀਰ ਸਿੰਘ ਝੋਰੜਾਂ, ਰਾਜੂ ਢੀਂਗੀਆ, ਕੌਂਸਲਰ ਸੁਖਵਿੰਦਰ ਸਿੰਘ, ਕੌਂਸਲਰ ਕਮਲਜੀਤ ਵਰਮਾਂ, ਕੌਂਸਲਰ ਬਲਜਿੰਦਰ ਰਿੰਪਾ, ਕੌਂਸਲਰ ਗੁਰਜੰਟ ਸਿੰਘ, ਕੌਂਸਲਰ ਗੁਰਦਾਸ ਮਾਨ, ਕੌਂਸਲਰ ਰਾਜਿੰਦਰ ਰਾਜੂ, ਜਗਤਾਰ ਸਿੰਘ ਰਾਜੋਆਣਾ, ਜੋਗਿੰਦਰਪਾਲ ਮੱਕੜ, ਗੁਰਦਿਆਲ ਸਿੰਘ, ਇਕਬਾਲ ਸਿੰਘ ਗੁਲਾਬ, ਬਾਵਾ ਗਿੱਲ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾ ਨਤਮਸਤਕ ਹੋਈਆਂ।

# ਮਾਤਾ ਸ਼ੀਤਲਾ ਅਸ਼ਟਮੀ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੀ ਪਤਨੀ ਹਰਸਿਮਰਨਜੀਤ ਕੌਰ ਕੋਹਲੀ ਅਤੇ ਕੁੰਦਨ ਗੋਗੀਆ ਮੰਦਿਰ ਵਿਖੇ ਹੋਏ ਨਤਮਸਤਕ

**ਪਟਿਆਲਾ/ਜਗਦੀਸ਼:-** ਸ਼ਕਤੀ ਵਿਹਾਰ ਸਥਿਤ ਮਾਤਾ ਸ਼ੀਤਲਾ ਮੰਦਿਰ ਵਿਖੇ ਮਾਤਾ ਸ਼ੀਤਲਾ ਅਸ਼ਟਮੀ ਮੌਕੇ ਤੇ ਜੈ ਮਾਤਾ ਸ਼ੀਤਲਾ ਵੈਲਫੇਅਰ ਸੋਸਾਇਟੀ ਵਲੋਂ ਬਾਸੜੇ ਮੇਲੇ ਦਾ ਆਯੋਜਨ, ਚੇਅਰਮੈਨ ਲਾਲ ਸਿੰਘ, ਜਨਰਲ ਸਕੱਤਰ ਜਸਵੰਤ ਸਿੰਘ ਸੰਤਅਤੇ ਕੈਸ਼ੀਅਰ ਰਾਹੁਲ ਬਾਵਾ ਦੀ ਅਗਵਾਈ ਵਿੱਚ ਕਰਵਾਇਆ ਗਿਆ। ਜਿੱਥੇ ਕਿ ਹਜਾਰਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਵਲੋਂ ਮੰਦਿਰ ਵਿਖੇ ਮਿੱਠੇ ਪਕਵਾਨਾ ਦਾ ਭੋਗ ਮਾਤਾ ਨੂੰ ਲਗਵਾਇਆ ਗਿਆ। ਇਸ ਮੌਕੇ ਤੇ ਸ਼ਰਧਾਲੂ ਮੰਦਿਰ ਵਿਖੇ ਸਾਢੇ ਬਾਰਾਂ ਵਜੇ ਰਾਤ ਨੂੰ ਹੀ ਆਉਣਾ ਸ਼ੁਰੂ ਹੋ ਚੁੱਕੇ ਸਨ। ਇਸ ਸ਼ੁਭ ਮੌਕੇ ਤੇ ਸ਼ਕਤੀ ਵਿਹਾਰ ਦੇ ਮਾਤਾ ਸ਼ੀਤਲਾ ਮੰਦਿਰ ਵਿਖੇ ਪਟਿਆਲਾ ਦੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਦੀ ਧਰਮ ਪਤਨੀ ਸਿਮਰਨਜੀਤ ਕੌਰ ਕੋਹਲੀ ਅਤੇ ਆਪ ਦੇ ਸੀਨੀਅਰ ਆਗੂ ਕੁੰਦਨ ਗੋਗੀਆ ਨਤਮਸਤਕ ਹੋਏ। ਇਸ ਦੌਰਾਨ ਮੈਡਮ ਕੋਹਲੀ ਅਤੇ ਕੁੰਦਨ ਗੋਗੀਆ ਨੇ ਸਾਂਝੇ ਤੌਰ ਤੇ ਕਿਹਾ ਕਿ ਸਾਨੂੰ ਧਾਰਮਿਕ ਵਿਸ਼ੇਸ਼ ਦਿਨਾਂ ਤੇ ਧਾਰਮਿਕ ਸਥਾਨਾਂ ਤੇ ਹਾਜਰੀ ਲਗਵਾਉਂਦਿਆ ਹੋਇਆਂ ਸਰਬਤ ਦੇ ਭਲੇ ਅਤੇ ਖੁਸ਼ਹਾਲੀ ਦੀ ਪ੍ਰਾਥਨਾ ਕਰਨੀ ਚਾਹੀਦੀ ਹੈ। ਧਾਰਮਿਕ, ਸਮਾਜਿਕ ਸਮਾਰੋਹ ਸਾਂਝੇ ਤੌਰ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ। ਉਨ੍ਹਾਂ ਸਮਾਰੋਹ ਦੇ ਪ੍ਰਬੰਧਾਂ ਸਬੰਧੀ ਜੈ ਮਾਤਾ ਸ਼ੀਤਲਾ ਵੈਲਫੇਅਰ ਸੋਸਾਇਟੀ ਦੇ ਸਮੂੰਹ ਅਹੁਦੇਦਾਰਾਂ ਤੇ ਮੈਂਬਰ ਸਾਹਿਬਾਨਾਂ ਦੀ ਭਰਪੂਰ ਪ੍ਰਸ਼ੰਸਾ ਵੀ ਕੀਤੀ। ਇਸ ਮੌਕੇ ਸੋਸਾਇਟੀ ਵਲੋਂ ਹਰਸਿਮਰਨਜੀਤ ਕੌਰ ਅਤੇ ਕੁੰਦਨ ਗੋਗੀਆ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਤੇ ਆਪ ਆਗੂ ਮਮਤਾ ਬਡੂੰਗਰ, ਦੀਪਕ ਵਾਲਮੀਕਿ, ਭੁਪਿੰਦਰ ਸਿੰਘ, ਸੁਖਬੀਰ ਸਿੰਘ, ਕੁਸ਼ਮ ਰਾਣੀ ਆਦਿ ਹਾਜਰ ਸਨ।



# ਕੋਟਕ ਸਿਕਯੋਰਿਟੀਜ ਲਿਮਿਟਡ ਨੇ 30 ਸਾਲ ਤੋਂ ਘੱਟ ਉਮਰ ਦੇ ਆਪਣੇ ਸਾਰੇ ਗ੍ਰਾਹਕਾਂ ਲਈ 'ਨੋ ਬ੍ਰੋਕਰੇਜ ਪਲਾਨ' ਲਾਂਚ ਕੀਤਾ

**ਚੰਡੀਗੜ੍ਹ/ਅੰਮ੍ਰਿਤਸਰ/ਲੋਕ ਬਾਣੀ**

ਕੋਟਕ ਸਿਕਯੋਰਿਟੀਜ ਲਿਮਿਟਡ ਨੇ ਅੱਜ ਟ੍ਰੇਡਿੰਗ ਕਰ ਵਾਲੇ 30 ਸਾਲ ਨਾਲੋਂ ਘੱਟ ਉਮਰ ਦੇ ਸਾਰੇ ਨੌਜਵਾਨ ਗ੍ਰਾਹਕਾਂ ਦੇ ਲਈ 'ਨੋ ਬ੍ਰੋਕਰੇਜ ਪਲਾਨ' ਲਾਂਚ ਕਰਨ ਦਾ ਐਲਾਨ ਕੀਤਾ, ਤਾਂ ਕਿ ਉਨ੍ਹਾਂ ਨੂੰ ਆਪਣੇ ਨਿਵੇਸ਼ ਨਾਲ ਜੁੜੇ ਟੀਚਿਆਂ ਨੂੰ ਹਾਸਲ ਕਰਨ 'ਚ ਮਦਦ ਮਿਲ ਸਕੇ । ਲਾਂਚ ਕੀਤੀ ਗਈ ਇਸ ਨਵੀਂ ਯੋਜਨਾਂ ਦੇ ਤਹਿਤ, 30 ਸਾਲ ਤੋਂ ਘੱਟ ਉਮਰ ਦੇ ਸਾਰੇ ਗ੍ਰਾਹਕਾਂ ਤੋਂ ਕਿਸੇ ਵੀ ਤਰ੍ਹਾਂ ਦਾ ਬ੍ਰੋਕਰੇਜ ਚਾਰਜ ਨਹੀਂ ਲਿਆ ਜਾਵੇਗਾ, ਜਿਸ 'ਚ ਇਕਵਿਟੀ, ਕਰੰਸੀ, ਕਮੋਡਿਟੀ ਅਤੇ ਸੈਗਮੈਂਟ ਐਫ ਐਂਡ ਓ 'ਚ ਡਿਲੀਵਰੀ ਟ੍ਰੇਡ ਅਤੇ ਇੰਟ੍ਰਾਡੇ ਟ੍ਰੇਡ ਸ਼ਾਮਿਲ ਹਨ । ਗ੍ਰਾਹਕ ਸਲਾਨਾਂ 499 ਰੁਪਏ ਦਾ ਭੁਗਤਾਨ ਕਰਕੇ 'ਨੋ ਬ੍ਰੋਕਰੇਜ ਪਲਾਨ' ਦਾ ਲਾਭ ਲੈ ਸਕਦੇ ਹਨ । ਇਹ ਯੋਜਨਾਂ ਖੁਦ ਤੋਂ ਸੋਚ-ਸਮਝ ਕੇ ਨਿਵੇਸ਼ ਕਰਨ ਵਾਲੇ ਸਾਰੇ ਨਿਵੇਸ਼ਕਾਂ ਅਤੇ ਟ੍ਰੇਡਰਸ ਦੇ ਲਈ ਉਪਲਬਧ ਹੈ । ਡੀਲਰਾਂ ਜਾਂ ਹੋਰ ਸੇਵਾ ਅਧਿਕਾਰੀਆਂ ਦੇ ਮਾਧਿਅਮ ਨਾਲ ਟ੍ਰੇਡਿੰਗ ਕਰਨ ਵਾਲੇ ਸਾਰੇ ਗ੍ਰਾਹਕਾਂ ਤੋਂ ਉਨ੍ਹਾਂ ਵੱਲੋਂ ਚੁਣੀਆਂ ਗਈਆਂ ਯੋਜਨਾਵਾਂ ਦੇ ਅਨੁਸਾਰ ਉਚਿਤ ਬ੍ਰੋਕਰੇਜ ਚਾਰਜ ਲਿਆ ਜਾਵੇਗਾ । 'ਨੋ ਬ੍ਰੋਕਰੇਜ ਪਲਾਨ' ਦਾ ਵਿਕਲਪ ਚੁਣਨ ਵਾਲੇ ਨਵੇਂ ਗ੍ਰਾਹਕਾਂ ਨੂੰ ਵੀ ਆਨਬੋਰਡਿੰ ਦੀ ਪ੍ਰਕ੍ਰਿਆ ਪੂਰੀ ਹੋਣ ਦੇ ਬਾਅਦ 1998 ਰੁਪਏ ਦੇ ਵਾਊਚਰ ਦਿੱਤੇ ਜਾਣਗੇ ।

ਸ੍ਰੀ ਜਯਦੀਪ ਹੰਸਰਾਜ, ਐਮਡੀ ਅਤੇ ਸੀਈਓ - ਕੋਟਕ ਸਿਕਯੋਰਿਟੀਜ ਨੇ ਕਿਹਾ, @ਕੋਟਕ ਸਿਕਯੋਰਿਟੀਜ ਲਿਮਿਟਡ ਨੇ ਆਪਣੇ @ਨੋ ਬ੍ਰੋਕਰੇਜ ਪਲਾਨ@ ਦੇ ਲਈ ਖਾਸ ਚਾਰਜ ਨਿਰਧਾਰਿਤ ਕੀਤੇ ਹਨ ਜਿਸ ਨਾਲ ਪਹਿਲੀ ਵਾਰ ਟ੍ਰੇਡਿੰਗ ਕਰਨ ਵਾਲੇ ਗ੍ਰਾਹਕਾਂ ਅਤੇ ਸਾਡੇ ਦੇਸ਼ ਦੇ ਨੌਜਵਾਨ ਨਿਵੇਸ਼ਕਾਂ ਨੂੰ ਕਾਫੀ ਲਾਭ ਮਿਲੇਗਾ । ਸਾਨੂੰ ਪੂਰਾ ਵਿਸ਼ਵਾਸ ਹੈ ਕਿ ਚਾਰਜ 'ਚ ਇਸ ਤਰ੍ਹਾਂ ਦੇ ਬਦਲਾਅ ਨਾਲ ਨੌਜਵਾਨਾਂ ਨੂੰ ਜਿਆਦਾ ਲਾਭ ਹੋਵੇਗਾ, ਨਾਲ ਹੀ ਉਨ੍ਹਾਂ ਨੂੰ ਆਪਣੀ ਜਮ੍ਹਾਂ ਪੂੰਜੀ ਨੂੰ ਵਧਾਉਣ ਦਾ ਪ੍ਰੋਤਸਾਹਨ ਵੀ ਮਿਲੇਗਾ । ਇਸ ਨਵੇਂ ਪਲਾਨ ਦੇ ਲਾਂਚ ਦੇ ਬਾਰੇ 'ਚ ਗੱਲਬਾਤ ਕਰਦੇ ਹੋਏ ਸ੍ਰੀ ਸੁਰੇਸ਼ ਸ਼ੁਕਲਾ, ਸੰਯੁਕਤ ਚੇਅਰਮੈਨ - ਕੋਟਕ ਸਿਕਯੋਰਿਟੀਜ ਲਿਮਿਟਡ, ਨੇ ਕਿਹਾ, 'ਹਾਲ ਦੇ ਮਹੀਨਿਆਂ 'ਚ ਅਸੀਂ ਪਹਿਲੀ ਵਾਰ ਟ੍ਰੇਡਿੰਗ ਕਰਨ ਵਾਲੇ ਲੋਕਾਂ ਅਤੇ ਨੌਜਵਾਨ ਟ੍ਰੇਡਰਸ ਦੀ ਗਿਣਤੀ 'ਚ ਵਾਧਾ ਦੇਖਿਆ ਹੈ । ਗ੍ਰਾਹਕ ਨਿਸ਼ਚਿਤ ਤੌਰ 'ਤੇ ਕੋਟਕ ਸਿਕਯੋਰਿਟੀਜ ਦੀ ਨਵੀਂ ਪੇਸ਼ਕਸ਼, ਮਤਲਬ 'ਨੋ ਬ੍ਰੋਕਰੇਜ ਪਲਾਨ' ਦਾ ਸਵਾਗਤ ਕਰਨਗੇ । ਇਸ ਪ੍ਰਸਤਾਵ 'ਚ ਕਈ ਵੈਲਿਊ ਐਡਿਡ ਸੇਵਾਵਾਂ ਦੇ ਨਾਲ ਨਾਲ ਸਾਡੇ ਮਾਹਿਰ ਵਿਸ਼ਲੇਸ਼ਕਾਂ ਵੱਲੋਂ ਰਿਸਰਚ 'ਤੇ ਅਧਾਰਿਤ ਸੁਝਾਵਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ । ਨੌਜਵਾਨ ਨਿਵੇਸ਼ਕ ਆਨਲਾਈਨ ਮਾਧਿਅਮਾਂ ਨਾਂਲ ਪੰਜ ਅਸਾਨ ਭਾਗਾਂ 'ਚ ਸਾਡੇ ਨਾਲ ਆਪਣੀ ਟ੍ਰੇਡਿੰਗ ਦੇ ਸਫਰ ਦੀ ਸ਼ੁਰੂਆਤ ਕਰ ਸਕਦੇ ਹਨ ।

# ਪਾਵਰ ਟੂ ਸੇਵ ਹਿਊਮਨ ਰਾਈਟਸ ਨੇ ਵਿਸ਼ਵ ਜਲ ਦਿਵਸ ਮੌਕੇ ਉੱਤੇ ਲੋਕਾਂ ਨੂੰ ਪਾਣੀ ਬਚਾਉਣ ਲਈ ਜਾਗਰੂਕ ਕੀਤਾ

**ਲੁਧਿਆਣਾ/ਕਰਨ ਅਗਰਵਾਲ**

ਵਿਸ਼ਵ ਜਲ ਦਿਵਸ 2022 ਨੂੰ ਪਾਵਰ ਟੂ ਸੇਵ ਹਿਊਮਨ ਰਾਈਟਸ ਸੰਸਥਾ ਨੇ ਲੁਧਿਆਣਾ ਸ਼ਹਿਰ ਵਾਸੀਆਂ ਨੂੰ ਪਾਣੀ ਬਚਾਉਣ ਲਈ ਜਾਗਰੂਕ ਕੀਤਾ।ਸੰਸਥਾ ਦੇ ਜਨਰਲ ਸੈਕਟਰੀ ਰਵੀ ਸਚਦੇਵਾ ਨੇ ਪਤਰਕਾਰਾਂ ਨੂੰ ਦੱਸਿਆ ਪਾਣੀ ਦੀਆਂ ਪਾਈਪਾਂ ਵਿੱਚ ਗੰਦਾ ਪਾਣੀ ਆਉਣ ਦੇ ਡਰ ਕਰਕੇ ਅੱਜ ਫਿਲਟਰ ਹਰ ਘਰ ਵਿੱਚ ਉਪਲੱਬਧ ਹੈ ਜਿਨ੍ਹਾਂ ਨਾਲ ਸਭ ਤੋਂ ਵੱਧ ਪਾਣੀ ਦੀ ਬਰਬਾਦੀ ਹੁੰਦੀ ਹੈ 60% ਪਾਣੀ ਗਟਰ ਵਿੱਚ ਚਲਾ ਜਾਂਦਾ ਹੈ।ਇਸ ਪਾਣੀ ਨੂੰ ਬਚਾਉਣ ਲਈ ਪਾਵਰ ਟੂ ਸੇਵ ਹਿਊਮਨ ਰਾਈਟਸ ਨੇ ਬਹੁਤ ਸਾਰੇ ਘਰਾਂ ਵਿੱਚ ਪਾਣੀ ਦੀ ਟੈਂਕੀ ਫਿਲਟਰ ਨਾਲ ਲਗਾ ਕੇ ਪੀਣ ਵਾਲਾ ਪਾਣੀ ਇੱਕ ਕਰੋੜ ? ਪੱਚੀ ਲੱਖ ਲੀਟਰ ਬਰਬਾਦ ਹੋਣ ਤੋਂ ਬਚਾਇਆ ਹੈ।ਇਸ ਤੋਂ ਇਲਾਵਾ ਕਈ ਲੋਕ ਘਰ ਵਿੱਚ ਕਾਰ ਧੋਣ,ਪਾਣੀ ਦੀ ਟੈਂਕੀ ਭਰਨ ਦੇ ਵਾਵਜੂਦ ਵੀ ਮੋਟਰ ਨਾਂਹ ਬੰਦ ਕਰਨਾ, ਗਲੀਆਂ ਨੂੰ ਧੋਣ ਲਈ ਪਾਣੀ ਬਰਬਾਦ ਕਰਦੇ ਹਨ।ਪਿੱਛਲੇ 30 ਸਾਲਾਂ ਵਿੱਚ ਪਾਣੀ ਦਾ ਲੇਬਲ ਸਰਕਾਰਾਂ ਦੀਆਂ ਢਿੱਲੀਆਂ ਨੀਤੀਆਂ ਕਰਕੇ ਅਤੇ ਲੋਕਾਂ ਦੀ ਲਾਹਪ੍ਰਵਾਹੀ ਨਾਲ ਤੀਜੀ ਸਤਾ ਤੱਕ ਪਹੁੰਚ ਚੁੱਕਾ ਹੈ,ਜਿਸਦਾ ਖਮਿਆਜ਼ਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਾਣੀ ਦੀ ਕਿੱਲਤ ਕਰ ਕੇ ਪਵੇਗਾ।ਜੇਕਰ ਪਾਣੀ ਦੀ ਸੰਭਾਲ ਲਈ ਹੁਣ ਵੀ ਉਪਰਾਲਾ ਨਹੀਂ ਕੀਤਾ ਗਿਆ ਤਾਂ ਵਿਦਵਾਨਾਂ ਅਨੁਸਾਰ ਇੱਕ ਦਿਨ ਅਜਿਹਾ ਆਵੇਗਾ ਜਦੋਂ ਪਾਣੀ ਪੈਟਰੋਲ ਡੀਜ਼ਲ ਦੀ ਤਰ੍ਹਾਂ ਵਿਕੇਗਾ।




# ਬੀ.ਕੇ.ਯੂ ਪੰਜਾਬ ਯੂਥ ਵਿੰਗ ਜਿਲ੍ਹਾ ਮੋਗਾ ਦੇ ਪ੍ਰਧਾਨ ਸੁੱਖ ਗਿੱਲ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਨਾਲ ਖਾਸ ਮੁਲਾਕਾਤ ਕੀਤੀ



**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਅੱਜ ਭਾਰਤੀ ਕਿਸਾਨ ਯੂਨੀਅਨ ਪੰਜਾਬ ਯੂਥ ਵਿੰਗ ਜਿਲ੍ਹਾ ਮੋਗਾ ਦੇ ਪ੍ਰਧਾਨ ਸੁੱਖ ਗਿੱਲ ਤੋਤਾ ਸਿੰਘ ਵਾਲਾ ਨੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਨਾਲ ਇੱਕ ਖਾਸ ਮੁਲਾਕਾਤ ਕੀਤੀ,ਜਿਸ ਵਿੱਚ ਪੰਜਾਬ ਦੇ ਅਹਿਮ ਮੁੱਦਿਆਂ ਜਿਵੇਂ ਕੇ ਪੰਜਾਬ ਵਿੱਚ ਆਏ ਦਿਨ ਧਾਰਮਿਕ ਅਸਥਾਨਾਂ ਤੇ ਵੱਧ ਰਹੀਆਂ ਬੇਅਦਬੀਆਂ,ਕਿਸਾਨੀ ਦੇ ਵੱਧ ਰਹੇ ਮਸਲੇ ਤੇ ਕੇਂਦਰ ਵੱਲੋਂ ਬਿੱਲ ਵਾਪਸ ਲੈਣ ਦੇ ਕੀਤੇ ਐਲਾਨ ਨੂੰ ਅਮਲੀ ਜਾਮਾਂ ਨਾ ਪਹਿਨਾਉਣਾ,ਅਤੇ ਆਏ ਦਿਨ ਚਿੱਟੇ ਨਾਲ ਨੌਜਵਾਨਾਂ ਦੀਆਂ ਮੌਤਾਂ ਦੀ ਵੱਧ ਰਹੀ ਗਿਣਤੀ ਤੇ ਚਿੰਤਾ ਪ੍ਰਗਟਾਈ ਗਈ,ਇਸ ਮੌਕੇ ਸੁੱਖ ਗਿੱਲ ਦੇ ਨਾਲ ਬੀ.ਕੇ.ਯੂ ਪੰਜਾਬ ਦੇ ਜ਼ਿਲ੍ਹਾ ਮੀਤ ਪ੍ਰਧਾਨ ਸੁਰਿੰਦਰਪਾਲ ਸਿੰਘ ਪੱਪੂ ਢਿੱਲੋਂ ਦੌਲੇ ਵਾਲਾ ਵੀ ਹਾਜਰ ਸਨ,ਸੁੱਖ ਗਿੱਲ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਇਨ੍ਹਾਂ ਗੱਲਾਂ ਤੇ ਗੰਭੀਰਤਾ ਨਾਲ ਵਿਚਾਰ ਕਰਨ ਬਾਰੇ ਭਰੋਸਾ ਦਿਵਾਇਆ,ਅਤੇ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੀ ਦਿੱਲੀ ਵਿਖੇ ਲੰਮਾਂ ਸਮਾਂ ਚੱਲੇ ਸੰਘਰਸ਼ ਵਿੱਚ ਭੂਮਿਕਾ ਤੇ ਵਧਾਈ ਵੀ ਦਿੱਤੀ ਕੇ ਬੀ.ਕੇ.ਯੂ ਪੰਜਾਬ ਨਿਰਪੱਖ ਅਤੇ ਬੇਬਾਕੀ ਨਾਲ ਕਿਸਾਨਾਂ ਦੇ ਹਿੱਤਾਂ ਦੀ ਲੜਾਈ ਲੜਦੀ ਹੈ,ਸੁਰਿੰਦਰਪਾਲ ਸਿੰਘ ਪੱਪੂ ਢਿੱਲੋਂ ਨੇ ਦੱਸਿਆ ਕੇ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਨਵ-ਨਿਯੁਕਤ ਯੂਥ ਵਿੰਗ ਜਿਲ੍ਹਾ ਮੋਗਾ ਦੇ ਬਣੇ ਪ੍ਰਧਾਨ ਸੁੱਖ ਗਿੱਲ ਤੋਤਾ ਸਿੰਘ ਵਾਲਾ ਨੂੰ ਵਧਾਈ ਵੀ ਦਿੱਤੀ ਅਤੇ ਕਿਸਾਨੀ ਹੱਕਾਂ ਲਈ ਬੇਬਾਕੀ ਨਾਲ ਲੜਨ ਲਈ ਹੌਸਲਾ ਅਫਜਾਈ ਵੀ ਕੀਤੀ,ਉਹਨਾਂ ਕਿਹਾ ਕੇ ਗਿਆਨੀ ਹਰਪ੍ਰੀਤ ਸਿੰਘ ਜੀ ਨਾਲ ਮੁਲਾਕਾਤ ਕਰਨ ਉਪਰੰਤ ਤਖਤ ਸ਼੍ਰੀ ਦਮਦਮਾਂ ਸਾਹਿਬ ਵਿਖੇ ਸੁੱਖ ਗਿੱਲ ਯੂਥ ਪ੍ਰਧਾਨ ਵੱਲੋਂ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੀ ਚੜ੍ਹਦੀ ਕਲਾ ਲਈ ਅਰਦਾਸ ਵੀ ਕੀਤੀ ਗਈ ਅਤੇ ਇਸ ਮੌਕੇ ਕਿਸਾਨੀ ਮਸਲਿਆਂ ਨੂੰ ਨੇਪਰੇ ਚਾੜਨ ਲਈ ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਤੇ ਸਰਕਾਰਾਂ ਦਾ ਡਟ ਕੇ ਵਿਰੋਧ ਕਰਨ ਅਤੇ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਨ ਦਾ ਪਰਨ ਵੀ ਲਿਆ,ਅਤੇ ਸੁੱਖ ਗਿੱਲ ਨੇ ਪੰਜਾਬ ਦੇ ਕਿਸਾਨਾਂ ਅਤੇ ਨੌਜਵਾਨਾਂ ਨੂੰ ਅਪੀਲ ਵੀ ਕੀਤੀ ਕੇ ਉਹ ਵੱਧ ਤੋਂ ਵੱਧ ਬੀ.ਕੇ.ਯੂ ਪੰਜਾਬ ਨਾਲ ਜੁੜਨ ਤਾਂ ਕੇ ਕਿਸਾਨਾਂ ਦੀ ਇੱਕ ਜੁਟਤਾ ਦਾ ਸਬੂਤ ਪੰਜਾਬ ਕੀ ਪੂਰੇ ਭਾਰਤ ਵਿੱਚ ਜਾਵੇ,ਇਸ ਮੌਕੇ ਉਹਨਾਂ ਨਾਲ ਕੁਲਵਿੰਦਰ ਸਿੰਘ ਗਿੱਲ,ਤਲਵਿੰਦਰ ਸਿੰਘ ਗਿੱਲ,ਇੰਦਰ ਗਿੱਲ ਹਾਜਰ ਸਨ!

## ਪੰਜਾਬ ਦੇ ਧਾਰਮਿਕ ,ਕਿਸਾਨੀ ਅਤੇ ਨਸ਼ਿਆਂ ਨੂੰ ਠੱਲ ਪਾਉਣ ਦੇ ਮੁੱਦਿਆਂ ਤੇ ਗੰਭੀਰਤਾ ਨਾਲ ਕੀਤੀ ਗਈ ਚਰਚਾ

# ਮਜੀਠਾ ਦੇ ਨੇੜਲੇ ਪਿੰਡ ਅਨੈਤਪੁਰਾ ਵਿਚ ਦੋ ਧਿਰਾਂ ਵਿਚ ਗੋਲੀਆਂ ਚੱਲਣ ਨਾਲ ਦੋ ਵਿਅਕਤੀਆਂ ਦੀ ਮੌਤ





**ਅੰਮ੍ਰਿਤਸਰ/ਰਾਜਾ ਕੋਟਲੀ**

ਪੁਲਿਸ ਥਾਣਾ ਮਜੀਠਾ ਅਧੀਨ ਆਉਂਦੇ ਪਿੰਡ ਅਨੈਤਪੁਰਾ ਵਿੱਚ ਦੋ ਧਿਰਾਂ ਵਿੱਚ ਗੋਲੀ ਚੱਲਣ ਨਾਲ ਦੋ ਵਿਅਕਤੀ ਦੀ ਮੌਤ ਹੋਣ ਦਾ ਸਮਾਚਾਰ ਹੈ। ਮਿਲੀ ਜਾਣਕਾਰੀ ਅਨੁਸਾਰ ਗੁੱਜਰ ਸੁਰਮਦੀਨ ਆਪਣੀ ਰੇੜੀ ਤੇ ਖੇਤਾਂ ਵੱਲ ਪਸ਼ੂਆਂ ਦਾ ਚਾਰਾ ਪੱਠੇ ਲੈਣ ਜਾ ਰਿਹਾ ਸੀ ਕਿ ਸਾਹਮਣੇ ਪਾਸੇ ਤੋਂ ਜਿੰਮੀਦਾਰ ਮੁੰਡੇ ਟਰੈਕਟਰ ਟਰਾਲੀ ਤੇ ਆ ਰਹੇ ਸਨ ਗੁੱਜਰ ਸੁਰਮਦੀਨ ਨੇ ਟਰਾਲੀ ਵਾਲੇ ਨੌਜਵਾਨਾਂ ਪਾਸੋਂ ਰੇੜ੍ਹੀ ਲੰਘਾਉਣ ਵਾਸਤੇ ਰਸਤਾ ਮੰਗਿਆ ਜਿਸ ਤੇ ਟਰਾਲੀ ਵਾਲੇ ਨੌਜਵਾਨਾਂ ਅਤੇ ਗੁੱਜਰਾ ਵਿੱਚ ਗਾਲੀ ਗਲੋਚ ਸ਼ੁਰੂ ਹੋ ਗਿਆ ਤੇ ਇਸ ਤੋ ਬਾਦ ਗੁੱਜਰ ਸੁਰਮਦੀਨ ਵਾਪਸ ਆਪਣੇ ਡੇਰੇ ਆ ਗਿਆ ਤਾਂ ਟਰਾਲੀ ਵਾਲੇ ਨੌਜਵਾਨਾਂ ਨੇ ਗੁੰਜਰਾਂ ਦੀ ਨਹਿਰ ਦੇ ਕੰਢੇ ਤੇ ਲੱਗੀ ਪਰਾਲੀ ਨੂੰ ਅੱਗ ਲਗਾ ਦਿੱਤੀ ਤਾਂ ਗੁੱਜਰਾਂ ਨੇ ਇੰਨਾਂ ਨੂੰ ਅੱਗ ਲਗਾਉਣ ਦਾ ਕਾਰਣ ਪੁਛਿਆ ਜਿਸ ਤੇ ਦੋਰਾਂ ਧਿਰਾਂ ਦਰਮਿਆਨ ਝਗੜਾ ਹੋ ਗਿਆ ਅਤੇ ਹੱਥੋ ਪਾਈ ਤੱਕ ਪਹੁੰਚ ਗਿਆ। ਦੋਵੇਂ ਧਿਰਾਂ ਲੋਕਾਂ ਵੱਲੋਂ ਸਮਝਾਉਣ ਤੇ ਆਪਣੇ ਆਪਣੇ ਘਰਾਂ ਨੂੰ ਚਲੇ ਗਈਆਂ। ਕੁਝ ਦੇਰ ਬਾਅਦ ਜਿੰਮੀਦਾਰਾਂ ਦੇ ਨੋਜਵਾਨ ਆਪਣੇ ਨਾਲ ਕੁਝ ਹੋਰ ਸਾਥੀਆਂ ਨੂੰ ਲੈਕੇ ਆ ਗਏ ਅਤੇ ਗੁੱਜਰਾਂ ਦੇ ਡੇਰੇ ਤੇ ਹੱਲਾ ਬੋਲ ਦਿੱਤਾ। ਜਿੰਮੀਦਾਰਾਂ ਦੇ ਮੁੰਡਿਆਂ ਵਿੱਚੋਂ ਕਿਸੇ ਨੇ ਗੋਲੀ ਚਲਾ ਦਿੱਤੀ ਜਿਹੜੀ ਕਿ ਗੁੱਜਰ ਸੁਰਮਦੀਨ ਪੁੱਤਰ ਫਿਰੋਜਦੀਨ, ਅਲੀਦੀਨ ਪੁੱਤਰ ਗਈਆ ਅਤੇ ਸੱਤੂ ਪੁੱਤਰ ਸੈਫਅਲੀ ਦੇ ਵੱਜੀਆਂ ਸੁਰਮਦੀਨ ਅਤੇ ਅਲੀਦੀਨ ਗੰਭੀਰ ਜਖਮੀ ਹੋ ਗਏ ਅਤੇ ਸੁਰਮਦੀਨ ਦੀ ਹਸਪਤਾਲ ਲਿਜਾਂਦੇ ਸਮੇ ਰਸਤੇ ਵਿੱਚ ਮੌਤ ਹੋ ਗਈ, ਅਲੀਦੀਨ ਨੂੰ ਜਿਆਦਾ ਗੰਭੀਰ ਜਖਮੀ ਹੋਣ ਤੇ ਅੰਮ੍ਰਿਤਸਰ ਦੇ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਜਿਸ ਦੀ ਬਾਦ ਵਿੱਚ ਮੌਤ ਹੋ ਗਈ ਅਤੇ ਬਾਕੀ ਵਿਅਕਤੀਆਂ ਸੱਤੂ ਪੁੱਤਰ ਸੈਫਅਲੀ,ਬਾਘਾ ਪੁੱਤਰ ਫਿਰੋਜ, ਜਾਕਰ ਪੁੱਤਰ ਕਰੀਮ ਬਖਸ਼,ਮੱਖਣ ਅਤੇ ਐਮਨਾ ਲੜਕੀ ਨੂੰ ਵੀ ਜਖਮੀ ਹਾਲਤ ਵਿੱਚ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਹੈ ਜਿਥੇ ਇੰਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਦੋਹਾਂ ਧਿਰਾਂ ਦਰਮਿਆਨ ਝਗੜੇ ਵਿੱਚ ਜਿੰਮੀਦਾਰਾਂ ਦੇ ਨੌਜਵਾਨਾਂ ਵਿੱਚ ਜਖਮੀ ਹੋਣ ਵਾਲਿਆਂ ਵਿੱਚ ਮਨਜਿੰਦਰ ਸਿੰਘ ਪੁੱਤਰ ਗੁਰਚਰਨ ਸਿੰਘ, ਹਰਜਿੰਦਰ ਸਿੰਘ ਪੁੱਤਰ ਸੁਖਚੈਨ ਸਿੰਘ, ਨਿਸ਼ਾਨ ਸਿੰਘ ਪੁੱਤਰ ਗੁਰਭੇਜ਼ ਸਿੰਘ, ਗੁਰਪ੍ਰੀਤ ਸਿੰਘ ਪੁੰਤਰ ਲਖਵਿੰਦਰ ਸਿੰਘ ਅਤੇ ਹਰਪ੍ਰੀਤ ਸਿੰਘ ਹੈਪੀ ਮੌਜੂਦਾ ਸਰਪੰਚ ਜਖਮੀ ਹੋਏ ਹਨ। ਪੁਲਿਸ ਨੂੰ ਇਤਲਾਹ ਮਿਲਣ ਤੇ ਸਪੈਸ਼ਲ ਡਿਊਟੀ ਤੇ ਆਏ ਡੀਐਸਪੀ ਰਵਿੰਦਰ ਸਿੰਘ ਅਤੇ ਐਸਐਚਓ ਇੰਸਪੈਕਟਰ ਹਰਸੰਦੀਪ ਸਿੰਘ ਪੁਲਿਸ ਪਾਰਟੀ ਸਮੇਤ ਮੌਕੇ ਤੇ ਪੁੱਜ ਗਏ ਜਿੰਨ੍ਹਾਂ ਨੇ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਉਪਰੰਤ ਮਾਮਲੇ ਨੂੰ ਹੱਥਾਂ ਵਿੱਚ ਲੈਕੇ ਜਖਮੀ ਵਿਅਕਤੀਆਂ ਦੇ ਬਿਆਨ ਕਲਮਬੰਧ ਕੀਤੇ ਜਾ ਰਹੇ ਹਨ ਬਿਆਨਾਂ ਦੇ ਆਧਾਰ ਤੇ ਦੋਸ਼ੀ ਪਾਏ ਜਾਣ ਵਾਲੇ ਵਿਅਕਤੀਆਂ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਹਲਕਾ ਵਿਧਾਇਕ ਸੌਂਦ ਨੇ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨਾਲ ਕੀਤੀ ਵਿਸ਼ੇਸ਼ ਮੀਟਿੰਗ



**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਖੰਨਾ ਹਲ਼ਕੇ ਦੇ ਲੋਕਾਂ ਨੂੰ ਪਿਛਲੀਆਂ ਸਰਕਾਰਾਂ ਸਮੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਉਸ ਸੰਬੰਧੀ ਅੱਜ ਐਸ ਡੀ ਐਮ ਦਫਤਰ ਖੰਨਾ ਵਿੱਖੇ ਹਲ਼ਕੇ ਦੇ ਐਮ. ਐਲ .ਏ .ਤਰੁਨਪ੍ਰੀਤ ਸਿੰਘ ਸੌਂਦ ਨੇ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨਾਲ ਇਕ ਵਿਸ਼ੇਸ਼ ਮੀਟਿੰਗ ਕੀਤੀ ਵਿਧਾਇਕ ਸੌਂਦ ਨੇ ਕਿਹਾ ਕਿ ਕੋਈ ਵੀ ਮੇਰੇ ਨਾਲ ਸੰਪਰਕ ਕਰ ਸਕਦਾ ਹੈ ਮੇਰਾ ਫੋਨ ਹਮੇਸ਼ਾ ਹੀ ਖ਼ੁਲਾ ਰਹਿੰਦਾ ਹੈ ਜਦੋ ਪਤਰਕਾਰਾਂ ਨੇ ਪੁੱਛਿਆ ਕਿ ਖੰਨਾ ਦੇ ਵਿਚ ਕਿਸੇ ਵੀ ਵਸੀਕਾ ਨਵੀਸ ਨੇ ਅਜੇ ਰੇਟ ਲਿਸਟ ਨਹੀਂ ਲਗਾਈ ਕਿ ਲੋਕਾਂ ਨੂੰ ਇਸ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਅਜੇ ਵੀ ਕਰਨਾ ਪਵੇਗਾ ਤਾਂ ਇਸਦੇ ਜੁਆਬ ਵਿਚ ਹਲਕਾ ਵਿਧਾਇਕ ਸੌਂਦ ਨੇ ਆਮ ਲੋਕਾਂ ਨੂੰ ਕਿਹਾ ਅਗਰ ਕਿਸੇ ਨੂੰ ਵੀ ਕਿਸੇ ਵਿਭਾਗ ਵਿਚ ਕੋਈ ਕੰਮ ਕਰਵਾਉਣ ਲਈ ਰਿਸ਼ਵਤ ਦੇਣੀ ਪਈ ਹੈ ਤਾਂ ਉਹ ਮੇਰੇ ਕੋਲ ਸਬੂਤ ਲੈ ਕੇ ਆਵੇ ਤੁਰੰਤ ਉਸ ਅਫ਼ਸਰ ਜਾਂ ਹੋਰ ਕਰਮਚਾਰੀ ਤੇ ਕਾਰਵਾਈ ਹੋਵੇਗੀ ਉਹਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਕਾਂਗਰਸ, ਅਕਾਲੀਆਂ ਦੇ ਰਾਜ ਸਮੇਂ ਆਮ ਲੋਕਾਂ ਨੂੰ ਬਹੁਤ ਹੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਤਾਂ ਹੀ ਉਹਨਾਂ ਸਰਕਾਰਾਂ ਤੋਂ ਦੁਖੀ ਹੋਕੇ ਲੋਕਾਂ ਨੇ ਸਾਨੂੰ ਆਮ ਆਦਮੀ ਪਾਰਟੀ ਨੂੰ ਐਡੀ ਵੱਡੀ ਜਿੱਤ ਦਿਲਾਈ ਅਤੇ ਆਮ ਆਦਮੀ ਦੀ ਸਰਕਾਰ ਬਣੀ ਹੈ ਪਿਛਲੀਆਂ ਸਰਕਾਰ ਦੇ ਸਮੇ ਕਿਸੇ ਵੀ ਸਰਕਾਰੀ ਦਫਤਰ ਵਿੱਚ ਲੋਕਾਂ ਨੂੰ ਕਰਮਚਾਰੀਆਂ, ਅਧਿਕਾਰੀਆਂ ਨੇ ਬਿਨਾਂ ਕਿਸੇ ਸਰਕਾਰ ਦੇ ਡਰ ਤੋਂ ਖੱਜਲ ਖੁਆਰ ਕੀਤਾ ਗਿਆ ਇਸੇ ਲਈ ਅੱਜ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਕਿਹਾ ਗਿਆ ਹੈ ਕਿ ਆਮ ਲੋਕਾਂ ਨੂੰ ਕੰਮ ਕਰਵਾਉਣ ਲਈ ਖੱਜਲ ਖੁਆਰ ਨਾ ਹੋਣਾ ਪਵੇ ਜੋ ਵਾਪਰੀ ਲੱਦ ਚੁਕੇ ਹਨ ਉਹਨਾਂ ਦੀ ਆਸ ਨਾਂ ਰੱਖੋ ਅਗਲੇ ਤਿੰਨ ਦਿਨਾਂ ਵਿੱਚ ਸਮੂਹ ਵਿਭਾਗਾਂ ਦੇ ਇਕੱਲੇ ਇਕੱਲੇ ਮਹਿਕਮੇਂ ਨਾਲ ਚਰਚਾਂਵਾਂ ਕੀਤੀਆਂ ਜਾਣ ਗਿਆ ਤਾਂ ਕਿ ਆਮ ਲੋਕਾਂ ਨੂੰ ਵੱਧ ਤੋਂ ਵੱਧ ਫਾਇਦਾ ਹੋ ਸਕੇ ਖੰਨਾ ਹਲ਼ਕੇ ਵਿਚ ਜੋ ਵਿਕਾਸ ਦੇ ਕੰਮ ਚੱਲ ਰਹੇ ਹਨ ਉਹ ਕਿਸੇ ਵੀ ਕੰਮ ਨੂੰ ਰੋਕਿਆ ਨਹੀਂ ਜਾਵੇਗਾ ਇਸ ਸੰਬੰਧੀ ਕੋਈ ਵੀ ਮੇਰੇ ਨਾਲ ਸੰਪਰਕ ਕਰ ਸਕਦਾ ਹੈ ਮੇਰਾ ਫੋਨ ਹਮੇਸ਼ਾ ਹੀ ਖ਼ੁਲਾ ਰਹਿੰਦਾ ਹੈ।

# ਭਾਰਤ ਦੇ 95 ਫੀਸਦੀ ਕਰਮਚਾਰੀਆਂ ਨੇ ਦੱਸਿਆ ਕੋਵਿਡ-19 ਦੇ ਕਾਰਨ ਨੌਕਰੀ ਦੇ ਬਦਲਦੇ ਹਾਲਾਤਾਂ @ਚ ਢਲਣ ਲਈ ਉਨ੍ਹਾਂ ਨੂੰ ਜ਼ਿਆਦਾ ਡਿਜੀਟਲ ਹੁਨਰ ਦੀ ਲੋੜ ਹੈ ਪਰ ਇਸਦੇ ਲਈ ਸਿਖਲਾਈ ਯੋਜਨਾਂ ਅੱਧੇ ਨਾਲੋਂ ਵੀ ਘੱਟ ਸੰਗਠਨਾਂ ਨੇ ਲਾਗੂ ਕੀਤੀ ਹੈ

**ਚੰਡੀਗੜ੍ਹ/ਲੋਕ ਬਾਣੀ**

ਅੱਜ ਅਮੇਜੋਨ.ਕਾਮ ਕੰਪਨੀ, ਅਮੇਜੋਨ ਵੈਬ ਸਰਵਿਸੇਜ, ਇੰਕ (ਏਡਬਲਿਊਐਸ) ਨੇ ਇੱਕ ਨਵੀਂ ਰਿਸਰਚ ਰਿਪੋਰਟ ਦੇ ਨਤੀਜੇ ਜਾਰੀ ਕੀਤੇ, ਜਿਸ ’ਚ ਮਹਾਮਾਰੀ ਦੇ ਦੌਰਾਨ ਡਿਜੀਟਲ ਕੌਸ਼ਲ ਸਿਖਲਾਈ ਦੀ ਜ਼ਰੂਰਤ ਦਾ ਖੁਲਾਸਾ ਹੋਇਆ ਹੈ । ਭਾਰਤ ’ਚ 95 ਫੀਸਦੀ ਕਰਮਚਾਰੀਆਂ ਨੇ ਦੱਸਿਆ ਕਿ ਕੋਵਿਡ-19 ਮਹਾਮਾਰੀ ਦੇ ਕਾਰਨ ਨੌਕਰੀ ’ਚ ਹੋਏ ਬਦਲਾਵਾਂ ਦੇ ਅਨੁਸਾਰ ਢਲਣ ਦੇ ਲਈ ਉਨ੍ਹਾਂ ਨੂੰ ਜਿਆਦਾ ਡਿਜੀਟਲ ਕੌਸ਼ਲ, ਸਮਰੱਥਾ ਅਤੇ ਗਿਆਨ ਦੀ ਜ਼ਰੂਰਤ ਹੈ, ਤਾਂ ਕਿ ਉਹ ਕੰਮ ਵਾਲੇ ਸਥਾਨਾਂ @ਤੇ ਕੀਤੇ ਜਾਣ ਵਾਲੇ ਕੰਮਾਂ @ਚ ਡਿਜੀਟਲ ਟੈਕਨੋਲਾਜੀ ਦੀ ਵਰਤੋਂ ਕਰ ਸਕਣ । ਇਸ ਰਿਪੋਰਟ ’ਚ ਸਾਹਮਣੇ ਆਇਆ ਕਿ ਭਾਰਤ ’ਚ ਡਿਜੀਟਲ ਕੌਸ਼ਲ ਦੀ ਜ਼ਰੂਰਤ ਰੱਖਣ ਵਾਲੇ ਕਰਮਚਾਰੀਆਂ ਦੀ ਗਿਣਤੀ ਅਗਲੇ ਇੱਕ ਸਾਲ @ 27.3 ਮਿਲੀਅਨ ਵਧ ਜਾਵੇਗੀ, ਜਿਹੜੀ ਭਾਰਤ ’ਚ ਕਾਰਜਬਲ ਦੇ 7 ਪ੍ਰਤੀਸ਼ਤ ਦੇ ਬਰਾਬਰ ਹੋਵੇਗਾ । ਇਸਦੇ ਬਾਵਜੂਦ ਭਾਰਤ ’ਚ ਸਿਰਫ 45 ਪ੍ਰਤੀਸ਼ਤ ਰੁਜਗਾਰ ਦਾਤਾਵਾਂ ਨੇ ਹੀ ਸਿਖਲਾਈ ਯੋਜਨਾਂ ਦਾ ਸੰਚਾਲਨ ਕੀਤਾ ਹੈ, ਜਿਸ ਨਾਲ ਉਤਪਾਦਕਤਾ, ਇਨੋਵੇਸ਼ਨ ਅਤੇ ਇੰਪਲਾਈ ਰਿਟੈਂਸ਼ਨ ਜਿਹੇ ਖੇਤਰਾਂ @ਚ ਉਨ੍ਹਾਂ ਦੇ ਮੁਕਾਬਲੇ ’ਤੇ ਅਸਰ ਪਵੇਗਾ।

@ਬਿਲਡਿੰਗ ਡਿਜੀਟਲ ਸਕਿਲਸ ਫਾਰ ਦਿ ਚੇਂਜਿੰਗ ਵਰਕਫੋਰਸ@ ਰਿਪੋਰਟ, ਸਟ੍ਰੇਟੇਜੀ ਐਂਡ ਈਕੋਨਾਮਿਕਸ ਕੰਸਲਟਿੰਗ ਫਰਮ, ਐਲਫਾਬੀਟਾ ਵੱਲੋਂ ਤਿਆਰ ਕੀਤੀ ਗਈ ਹੈ ਅਤੇ ਏਡਬਲਿਊਐਸ ਵੱਲੋਂ ਕਮਿਸ਼ਨ ਕੀਤੀ ਗਈ ਹੈ । ਇਸ ’ਚ ਭਾਰਤ ’ਚ ਟੈਕਨੋਲਾਜੀ ਅਤੇ ਨਾਨ-ਟੈਕਨੋਲਾਜੀ ਦੇ ਅਹੁਦਿਆਂ @ਤੇ ਕੰਮ ਕਰਨ ਵਾਲੇ 1,012 ਡਿਜੀਟਲ ਕੌਸ਼ਲ ਰੱਖਣ ਵਾਲੇ ਕਰਮਚਾਰੀਆਂ ਅਤੇ 303 ਰੁਜਗਾਰ ਦਾਤਾਵਾਂ ਦਾ ਸਰਵੇਖਣ ਕੀਤਾ ਗਿਆ, ਜਿਸ ’ਚ ਵਿਭਿੰਨ ਸਾਈਜ਼ਾਂ ਅਤੇ ਉਦਯੋਗਾਂ ਦੇ ਪਬਲਿਕ, ਪ੍ਰਾਈਵੇਟ ਅਤੇ ਨਾਨਪ੍ਰੋਫਿਟ ਸੈਕਟਰਾਂ ਦਾ ਪ੍ਰਤੀਨਿਧੀਤਵ ਰਿਹਾ । ਇਸ ਰਿਪੋਰਟ ’ਚ ਇਹ ਵੀ ਪਾਇਆ ਗਿਆ ਕਿ ਕਲਾਊਡ-ਬੇਸਡ ਟੂਲਸ, ਜਿਵੇਂ ਕਲਾਊਡ ਡਿਵੈਲਪਰ ਟੂਲਸ ਅਤੇ ਆਨਲਾਈਨ ਸਹਿਯੋਗ, ਅਕਾਊਂਟਿੰਗ ਅਤੇ ਕਸਟਮਰ ਰਿਲੇਸ਼ਨਸ਼ਿਪ ਮੈਨੇਜਮੈਂਟ (ਸੀਆਰਐਮ) ਸਾਫਟਵੇਅਰ ਦੀ ਵਰਤੋਂ ਕਰਨ ਦੀ ਸਮਰੱਥਾ 2025 ਤੱਕ ਰੁਜਗਾਰ ਦਾਤਾਵਾਂ ਵੱਲੋਂ ਸਭ ਤੋਂ ਜਿਆਦਾ ਮੰਗ ’ਚ ਹੋਵੇਗੀ, ਜਿਸਦੇ ਬਾਅਦ ਟੈਕਨੀਕਲ ਸਪੋਰਟ ਸਕਿਲਸ ਦੀ ਜ਼ਰੂਰਤ ਵੀ ਸਾਹਮਣੇ ਆਈ, ਜਿਸ ’ਚ ਮਸ਼ੀਨ ਲਰਨਿੰਗ ਅਤੇ ਕਲਾਊਡ ਆਰਕੀਟੈਕਚਰ ਡਿਜਾਇਨ ਸ਼ਾਮਲ ਹਨ, ਜਿਹੜੇ 2025 ਤੱਕ ਭਾਰਤ ’ਚ ਰੁਜਗਾਰ ਦਾਤਾਵਾਂ ਵੱਲੋਂ ਪੰਜਵੇਂ ਅਤੇ ਛੇਵੇਂ ਸਭ ਤੋਂ ਜਿਆਦਾ ਮੰਗ ਵਾਲੇ ਡਿਜੀਟਲ ਕੌਸ਼ਲ ਹਨ । ਇਹ ਕੌਸ਼ਲ ਹੈਲਥ ਕੇਅਰ ਤੋਂ ਲੈ ਕੇ ਖੇਤੀ, ਫਿਨਟੇਕ ਤੋਂ ਲੈ ਕੇ ਮੀਡੀਆ ਅਤੇ ਇੰਟਰਟੇਨਮੈਂਟ ਤੱਕ ਅਨੇਕ ਵਪਾਰਾਂ @ਚ ਕਾਫੀ ਜਿਆਦਾ ਮੰਗ ’ਚ ਰਹਿਣਗੇ ।

ਭਾਰਤ ਦੇ 63 ਪ੍ਰਤੀਸ਼ਤ ਕਰਮਚਾਰੀਆਂ ਨੂੰ ਮਹਿਸੂਸ ਹੁੰਦਾ ਹੈ ਕਿ 2025 ਤੱਕ ਉਨ੍ਹਾਂ ਨੂੰ ਆਪਣੇ ਕੈਰੀਅਰ ’ਚ ਅੱਗੇ ਵਧਣ ਦੇ ਲਈ ਕਲਾਊਡ ਨਾਲ ਸਬੰਧਤ ਸਕਿਲਸ ’ਚ ਸਿਖਲਾਈ ਦੀ ਜ਼ਰੂਰਤ ਹੋਵੇਗੀ । ਇਨ੍ਹਾਂ ਕਰਮਚਾਰੀਆਂ @ਚ ਉਹ ਸ਼ਾਮਲ ਹਨ, ਜਿਨ੍ਹਾਂ ਨੂੰ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਨੂੰ ਕਲਾਊਡ ਸਬੰਧਤ ਕੌਸ਼ ’ਚ ਸਿਖਲਾਈ ਦੀ ਜ਼ਰੂਰਤ ਹੈ, 45 ਪ੍ਰਤੀਸ਼ਤ ਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਇਹ ਸਿੱਖਣ ਦੀ ਜ਼ਰੂਰਤ ਹੈ ਕਿ ਉਨ੍ਹਾਂ ਦੇ ਕੰਮ ’ਚ ਕਲਾਊਡ ਅਧਾਰਿਤ ਟੂਲਸ ਦੀ ਵਰਤੋਂ ਕਿਵੇਂ ਕੀਤੀ ਜਾਵੇ ਅਤੇ 24 ਪ੍ਰਤੀਸ਼ਤ ਕਰਮਚਾਰੀਆਂ ਨੂੰ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਨੂੰ ਆਨ-ਪ੍ਰੇਮਾਈਜ ਸੁਵਿਧਾਵਾਂ ਨੂੰ ਕਲਾਊਡ ’ਚ ਲੈ ਜਾਣ ਦੇ ਲਈ ਸਿਖਲਾਈ ਦੀ ਜ਼ਰੂਰਤ ਹੋਵੇਗੀ ਅਤੇ 32 ਪ੍ਰਤੀਸ਼ਤ ਇਹ ਮੰਨਦੇ ਹਨ ਕਿ ਉਨ੍ਹਾਂ ਨੂੰ ਕਲਾਊਡ ਆਰਕੀਟੈਕਚਰ ਡਿਜਾਇਨ ਕੌਸ਼ਲ ਦੀ ਜ਼ਰੂਰਤ ਹੋਵੇਗੀ । ਜਿਹੜੀ ਰੁਜਗਾਰ ਦਾਤਾ ਕੌਸ਼ਲ ਸਿਖਲਾਈ ਪ੍ਰੋਗਰਾਮਾਂ ਨਾਲ ਸਹਿਯੋਗ ਕਰਦੇ ਹਨ, ਉਨ੍ਹਾਂ ਨੂੰ ਇਸਦੇ ਵੱਡੇ ਲਾਭ ਮਿਲਦੇ ਹਨ । ਇਨ੍ਹਾਂ @ਚੋਂ 92 ਪ੍ਰਤੀਸ਼ਤ ਨੇ ਕਰਮਚਾਰੀਆਂ ਦੀ ਬਿਹਤਰ ਉਤਪਾਦਕਤਾ ਦਰਜ ਕੀਤੀ, 92 ਪ੍ਰਤੀਸ਼ਤ ਨੇ ਦੱਸਿਆ ਕਿ ਉਹ ਆਪਣੇ ਡਿਜੀਟਾਈਜੇਸ਼ਨ ਦੇ ਟੀਚਿਆਂ ਨੂੰ ਤੇਜੀ ਨਾਲ ਟਰੈਕ ਕਰ ਸਕੇ ਅਤੇ 92 ਪ੍ਰਤੀਸ਼ਤ ਦੀ ਲਾਗਤ ’ਚ ਕਮੀ ਆਈ । 90 ਪ੍ਰਤੀਸ਼ਤ ਦਾ ਇੰਪਲਾਈ ਰਿਟੇਂਸ਼ਨ ਵਧਿਆ ਅਤੇ 91 ਪ੍ਰਤੀਸ਼ਤ ਦੇ ਰੈਵੀਨਿਊ @ਚ ਵਾਧਾ ਹੋਇਆ । ਜੇਨੇਵੀਵ ਲਿਮ, ਡਾਇਰੈਕਟਰ, ਏਪੀਏਸੀ, ਅਲਫਾਬੀਟਾ (ਅਕਸੈਸ ਸਾਂਝੇਦਾਰੀ ਦਾ ਹਿੱਸਾ) ਨੇ ਕਿਹਾ, @ਹਾਲਾਂਕਿ ਡਿਜੀਟਲ ਕੌਸ਼ਲ ਦੀ ਜ਼ਰੂਰਤ ਸਾਲਾਂ ਤੋਂ ਵਧ ਰਹੀ ਹੈ, ਉਹੀ ਰਿਸਰਚ ਦੇ ਆਂਕੜੇ ਨੌਕਰੀ ’ਚ ਬਦਲਾਅ ਦਰਸਾਉਂਦੇ ਹਨ ਕਿਉਂਕਿ ਕੋਵਿਡ-19 ਮਹਾਮਾਰੀ ਨੇ ਭਾਰਤ ’ਚ ਡਿਜੀਟਲ ਸਮਰੱਥਾਵਾਂ @ਚ ਟੇਕ ਅਤੇ ਨਾਨ-ਟੇਕ ਕਰਮਚਾਰੀਆਂ ਦੇ ਲਈ ਸਿਖਲਾਇ ਦੀ ਜ਼ਰੂਰਤ ਵਧਾਈ ਹੈ । ਸੰਗਠਨਾਂ ਨੇ ਆਪਣੀ ਡਿਜੀਟਾਈਜੇਸ਼ਨ ਦੀ ਪ੍ਰਕ੍ਰਿਆ ਨੂੰ ਗਤੀ ਪ੍ਰਦਾਨ ਕੀਤੀ ਹੈ, ਤਾਂ ਕਿ ਮਹਾਮਾਰੀ ਨਾਲ ਨਜਿੱਠਦੇ ਹੋਏ ਲੰਮੇਂ ਸਮੇਂ ਦਾ ਮੁਕਾਬਲਾ ਸੁਨਿਸ਼ਚਿਤ ਕੀਤਾ ਜਾ ਸਕੇ । ਡਿਜੀਟਲ-ਫਸਟ ਅਰਥ ਵਿਵਸਥਾ ’ਚ ਬਦਲਾਅ ਕਰਨ ਨਾਲ ਦੇਸ਼ਾਂ ਨੂੰ ਕੋਵਿਡ-19 ਤੋਂ ਉਭਰਣ ’ਚ ਮਦਦ ਮਿਲੇਗੀ ਅਤੇ ਉਨ੍ਹਾਂ ਦਾ ਇੱਕ ਮਜਬੂਤ ਆਰਥਿਕ ਭਵਿੱਖ ਸੁਨਿਸ਼ਚਿਤ ਹੋਵੇਗਾ । ਸਰਕਾਰਾਂ ਨੂੰ ਰੁਜਗਾਰ ਦਾਤਾਵਾਂ, ਸਿਖਲਾਈ ਪ੍ਰਦਾਤਾਵਾਂ ਅਤੇ ਕਰਮਚਾਰੀਆਂ ਦੇ ਨਾਲ ਮਿਲ ਕੇ ਕੰਮ ਕਰਨ ਦੀ ਜ਼ਰੂਰਤ ਹੈ, ਤਾਂ ਕਿ ਡਿਜੀਟਲ ਲਰਨਿੰਗ ਦੀਆਂ ਵਧਦੀਆਂ ਅਤੇ ਵਿਸਤਰਿਤ ਜ਼ਰੂਰਤਾਂ ਨੂੰ ਪੂਰਾ ਕੀਤਾ ਜਾ ਸਕੇ ।

ਏਡਬਲਿਊਐਸ ਇੰਡੀਆ ਅਤੇ ਸਾਊਥ ਏਸ਼ੀਆ ਦੇ ਪ੍ਰੈਜੀਡੈਂਟ, ਪਬਲਿਕ ਸੈਕਟਰ - ਏਆਈਐਸਪੀਐਲ*, ਰਾਹੁਲ ਸ਼ਰਮਾ ਨੇ ਦੱਸਿਆ, @ਮਹਾਮਾਰੀ ਦੇ ਦੌਰਾਨ, ਅਸੀਂ ਸਾਰੇ ਸਾਈਜ ਦੇ ਸੰਗਠਨਾਂ ਨੂੰ ਆਪਣੇ ਡਿਜੀਟਲ ਬਦਲਾਅ ਦੀਆਂ ਯੋਜਨਾਵਾਂ ਨੂੰ ਤੇਜੀ ਨਾਲ ਲਾਗੂ ਕਰਦੇ ਦੇਖਿਆ, ਜਿਸ ਨਾਲ ਰੁਜਗਾਰ ਦਾਤਾਵਾਂ ਅਤੇ ਉਨ੍ਹਾਂ ਦੇ ਕਰਮਚਾਰੀਆਂ ਦੇ ਲਈ ਕਲਾਊਡ ਕੰਪਿਊਟਿੰਗ, ਸਾਈਬਰ ਸਿਕਯੋਰਿਟੀ ਅਤੇ ਮਸ਼ੀਨ ਲਰਨਿੰਗ ’ਚ ਕੌਸ਼ਲ ਦਾ ਵਿਕਾਸ ਕਰਨਾ ਜ਼ਰੂਰੀ ਹੋ ਗਿਆ ।@ ਉਨ੍ਹਾਂ ਨੇ ਕਿਹਾ, @ਬਿਲਡਿੰਗ ਡਿਜੀਟਲ ਸਕਿਲਸ ਫਾਰ ਦਿ ਚੇਂਜਿੰਗ ਵਰਕਫੋਰਸ ਰਿਪੋਰਟ ਕਰਮਚਾਰੀਆਂ ਅਤੇ ਰੁਜਗਾਰ ਦਾਤਾਵਾਂ ਵੱਲੋਂ ਡਿਜੀਟਲ ਕੌਸ਼ਲ ਵਧਾਉਣ ਦੀ ਐਮਰਜੰਸੀ ਜ਼ਰੂਰਤ ਪ੍ਰਦਰਸ਼ਿਤ ਕਰਦੀ ਹੈ, ਤਾਂ ਕਿ ਲੋਕਾਂ ਅਤੇ ਸੰਗਠਨਾਂ ਨੂੰ ਟੈਕਨੋਲਾਜੀ ਦੇ ਸਭ ਤੋਂ ਜਿਆਦਾ ਲਾਭ ਪਹੁੰਚਾਏ ਜਾ ਸਕਣ । ਏਡਬਲਿਊਐਸ ਉਦਯੋਗ ਅਤੇ ਭਾਰਤ ਸਰਕਾਰ ਦੇ ਨਾਲ ਸਹਿਯੋਗ ਕਰਨ ਦੇ ਲਈ ਵਚਨਬੱਧ ਹੈ ਤਾਂ ਕਿ ਡਿਜੀਟਲ ਕੌਸ਼ਲ ਦੀ ਘਾਟ ਦਾ ਹੱਲ ਕਰਕੇ ਸਿਖਲਾਈ ਦੇ ਖੇਤਰ ’ਚ ਸਭ ਤੋਂ ਅੱਗੇ ਰਿਹਾ ਜਾ ਸਕੇ ।ਅਸੀਂ ਉੱਚ ਸਿੱਖਿਆ ’ਚ ਕਲਾਊਡ ਕਰਿਕੁਲਮ ਦੇ ਇੰਟੀਗ੍ਰੇਸ਼ਨ ਅਤੇ ਏਡਬਲਿਊਐਸ ਰੀ/ਸਟਾਰਟ ਜਿਹੇ ਪ੍ਰੋਗਰਾਮਾਂ ਨਾਲ ਭਵਿੱਖ ਦੇ ਹੋਰ ਮਜਬੂਤ ਕਾਰਜਬਲ ਦੇ ਲਈ ਪੂਰੀ ਜਿੰਦਗੀ ਲਰਨਿੰਗ ਦੇ ਸੱਭਿਆਚਾਰ ਅਤੇ ਮਾਈਕ੍ਰੋ-ਕੌਸ਼ਲ ਨੂੰ ਨਵੇਂ ਆਪਰੇਟਿੰਗ ਮਾਡਲ ਦੇ ਰੂਪ ’ਚ ਅਪਣਾ ਰਹੇ।

# ਸਾਹਿਬਜ਼ਾਦਾ ਜ਼ੋਰਾਵਰ ਸਿੰਘ ਸਰਕਾਰੀ ਕਾਲਜ ਬੁਰਜ ਹਰੀ ਸਿੰਘ ਵਿਖੇ ਸੈਮੀਨਾਰ ਕਰਵਾਇਆ



**ਰਾਏਕੋਟ/ਗੋਗੀ**

ਸਾਹਿਬਜਾਦਾ ਜ਼ੋਰਾਵਰ ਸਿੰਘ ਸਰਕਾਰੀ ਕਾਲਜ ਬੁਰਜ ਹਰੀ ਸਿੰਘ ਵਿਖੇ ਪ੍ਰਿੰਸੀਪਲ ਹਰਪਾਲ ਕੌਰ ਦੀ ਅਗਵਾਈ ਹੇਠ ਕਾਲਜ ਡਿਵੈਲਮੈਂਟ ਕਮੇਟੀ ਅਤੇ ਕਾਲਜ ਦੇ ਕੈਰੀਅਰ ਕੌਂਸਲ ਸੈੱਲ ਵੱਲੋਂ ਵਿਦਿਆਰਥੀਆਂ ਦੇ ਬੇਹਤਰ ਭਵਿੱਖ ਲਈ ਅਤੇ ਉਨ੍ਹਾਂ ਦੇ ਕੈਰੀਅਰ ਨੂੰ ਸਹੀ ਰਾਹ ਦਿਖਾਉਣ ਦੇ ਮਕਸ਼ਦ ਨਾਲ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਬਰਾਈਟ ਅਕੈਡਮੀ ਦੇ ਮੁਖੀ ਦੇਵ ਰਾਜ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਮੌਕੇ ਪ੍ਰਿੰਸੀਪਲ ਹਰਪਾਲ ਕੌਰ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਆਪਣੇ ਚੰਗੇਰੇ ਭਵਿੱਖ ਲਈ ਮੁਕਾਬਲੇ ਦੀ ਪ੍ਰੀਖਿਆ ਦੀ ਤਿਆਰੀ ਕਰਨ ਦੇ ਗੁਰ ਦੱਸੇ। ਉਨ੍ਹਾਂ ਵਿਦਿਆਰਥੀ ਜੀਵਨ ਜ਼ਿੰਦਗੀ ਦਾ ਸਭ ਤੋਂ ਵਧੀਆਂ ਸਮਾਂ ਹੁੰਦਾ ਹੈ। ਇਸ ਲਈ ਸਾਨੂੰ ਸਿਰਫ ਐਸਪ੍ਰਸਤੀ ਵਿੱਚ ਨਹੀਂ ਗਵਾਉਣਾ ਹੁੰਦਾ, ਸਗੋਂ ਆਪਣੇ ਆਉਣ ਵਾਲੇ ਜੀਵਨ ਦੀ ਬੁਨਿਆਦ ਵੀ ਇੱਥੋਂ ਹੀ ਪੱਕੀ ਕਰਨੀ ਹੁੰਦੀ ਹੈ। ਇਸ ਮੌਕੇ ਦੇਵ ਰਾਜ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਵਿਦਿਆਰਥੀਆਂ ਅੰਦਰ ਮੁਕਾਬਲੇ ਦੀ ਪ੍ਰੀਖਿਆ ਪ੍ਰਤੀ ਇੱਕ ਚੰਗਾ ਵਾਤਾਵਰਨ ਤਿਆਰ ਕਰਨਾ ਹੈ ਤਾਂ ਕਿ ਆਪਣੇ ਕੈਰੀਅਰ ਭਾਵ ਬੇਹਤਰ ਭਵਿੱਖ ਲਈ ਕੋਈ ਚੰਗਾ ਕੈਰੀਅਰ ਚੁਣਨ। ਉਨ੍ਹਾਂ ਕਿਹਾ ਕਿ ਕਿਹੜੇ ਕੈਰੀਅਰ ਲਈ ਕਿੱਥੇ, ਕਿਵੇਂ-ਕਿੰਨੀਆਂ ਸੰਭਾਵਨਾਵਾਂ ਹਨ, ਜਿਵੇਂ ਸਰਕਾਰੀ ਨੌਕਰੀਆਂ ਲਈ ਉਨ੍ਹਾਂ ਵਿੱਚ ਵੀ ਕਿਹੜੀ ਕਿਸਮ ਦੀ ਸਰਕਾਰੀ ਨੌਕਰੀ ਲੈਣੀ ਹੈ। ਪ੍ਰੀਖਿਆ ਦਾ ਢਾਚਾ ਕੀ ਹੈ। ਇੰਗਲਿਸ਼ ਨੂੰ ਕਿਵੇਂ ਇੰਪਰੂਪ ਕਰਨੀ ਹੈ। ਸਮੇਂ ਦੀ ਵੰਡ ਕਿਵੇਂ ਕਰਨੀ ਹੈ, ਇੰਟਰਵਿਊ ਕਿਵੇਂ ਕਰਨੀ ਆਦਿ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਪ੍ਰੋ. ਹਰਵਿੰਦਰ ਸਿੰਘ ਜੋਸ਼ੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਸੈਮੀਨਾਰ ਵਿਦਿਆਰਥੀਆਂ ਅੰਦਰ ਇੱਕ ਚਿਣਗ ਦਾ ਕੰਮ ਕਰਦੇ ਹਨ, ਜਿਹੜੀ ਉਨ੍ਹਾਂ ਨੂੰ ਭਵਿੱਖ ਲਈ ਆਸਵੰਦ ਰੱਖਦੀ ਹੈ।

ਇਸ ਮੌਕੇ ਪ੍ਰੋ. ਅਮਨਦੀਪ ਕੌਰ, ਪ੍ਰੋ. ਵੰਦਨਾ, ਪ੍ਰੋ. ਖੁਸ਼ਪ੍ਰੀਤ ਕੌਰ, ਪ੍ਰੋ. ਜਗਦੇਵ ਸਿੰਘ ਆਦਿ ਹੋਰ ਵੀ ਹਾਜ਼ਰ ਸਨ।

## ਆਮ ਆਦਮੀ ਪਾਰਟੀ ਦੀ ਨਵੀਂ ਬਣੀ ਸਰਕਾਰ ਦਲਿਤ ਵਿਰੋਧੀ

**ਕਪੂਰਥਲਾ/ਪਰਮਜੀਤ ਸੰਨੀ**

ਅੱਜ ਜ਼ਿਲ੍ਹਾ ਕਾਂਗਰਸ ਕਮੇਟੀ SC ਸੈੱਲ ਕਪੂਰਥਲਾ ਦੇ ਜ਼ਿਲ੍ਹਾ ਚੈਅਰਮੈਨ ਤਜਿੰਦਰ ਸਿੰਘ ਭੰਡਾਰੀ ਨੇ ਪ੍ਰੈਸ ਨੋਟ ਜਾਰੀ ਕਰਦੇ ਹੋਏ ਨਵੀਂ ਬਣੀ ਆਮ ਆਦਮੀ ਪਾਰਟੀ ਦੀ ਦਲਿਤ ਵਿਰੋਧੀ ਨੀਤੀ ਦੀ ਨਖੇਦੀ ਕੀਤੀ। ਓਹਨਾਂ ਨੇ ਕਿਹਾ ਰਾਜ ਸਭਾ ਦੀਆਂ ਖਾਲੀ ਹੋਈਆਂ ਪੰਜ ਸੀਟਾਂ ਲਈ ਜੋ ਉਮੀਦਵਾਰ ਆਮ ਆਦਮੀ ਪਾਰਟੀ ਨੇ ਐਲਾਨ ਕੀਤੇ ਨੇ ਓਹਨਾਂ ਚੋ ਕੋਈ ਵੀ ਦਲਿਤ ਨਹੀਂ ਹੈ। ਪੰਜਾਬ ਦੀਆ 117 ਵਿਧਾਨਸਭਾ ਸੀਟਾਂ ਵਿਚੋਂ 34 ਸੀਟਾਂ ਦਲਿਤਾਂ ਲਈ ਰਾਖਵੀਆਂ ਹਨ, ਪੰਜਾਬ ਦੀ 42% ਆਬਾਦੀ ਦਲਿਤ ਭਾਇਚਾਰੇ ਨਾਲ ਸੰਬੰਧ ਰੱਖਦੀ ਹੈ ਪਰ ਰਾਜ ਸਭਾ ਵਿੱਚ ਪੰਜਾਬ ਦਾ ਕੋਈ ਦਲਿੱਤ ਨੁਮਾਇੰਦਾ ਨਾਮਜ਼ਦ ਨਾ ਕਰਕੇ ਆਪਣੀ ਦਲਿੱਤ ਵਿਰੋਧੀ ਨੀਤੀ ਜੱਗ ਜਾਹਰ ਕੀਤੀ ਹੈ।



ਪੰਜਾਬ ਦੇ ਲੋਕਾਂ ਨੇ ਚਾਹੇ ਕੋਈ ਵੀ ਜਾਤੀ ਧਰਮ ਦਾ ਹੋਵੇ, ਉਸ ਨੇ ਆਮ ਆਦਮੀ ਪਾਰਟੀ ਤੇ ਭਰੋਸਾ ਜਤਾਇਆ ਅਤੇ ਭਾਰੀ ਬਹੁਮਤ ਨਾਲ ਆਪ ਨੂੰ ਜਿੱਤਿਆ। ਆਮ ਆਦਮੀ ਪਾਰਟੀ ਨੇ ਸ਼ੁਰੂਆਤ ਚ ਹੀ ਪੰਜਾਬ ਦੀਆ ਆਸਾ ਤੇ ਪਾਣੀ ਫਰੇਦੇ ਹੋਏ , ਪੰਜ ਰਾਜ ਸਭਾ ਲਈ ਉਮੀਦਵਾਰ ਐਲਾਨੇ ਹਨ ਕੋਈ ਵੀ ਦਲਿਤ ਨਹੀਂ , ਜੋ ਪੰਜਾਬ ਦੇ ਦਲਿਤਾਂ ਦੇ ਹੱਕਾਂ ਦੀ ਆਵਾਜ਼ ਕੇਂਦਰ ਤਕ ਪਹੁੰਚਾ ਸਕੇ। ਜਿੱਥੇ ਦਲਿਤਾਂ ਦੇ ਵਿਰੋਧ ਇਹ ਨੀਤੀ ਹੈ , ਓਥੇ ਪੰਜਾਬ ਨੂੰ ਵੀ ਅਣਗੌਲਿਆ ਹੈ।

# ਸ਼੍ਰੋਮਣੀ ਕਮੇਟੀ ਨੂੰ ਜਲਦੀ ਹੀ ਬਾਦਲਾਂ ਦੇ ਪੰਜੇ ਚੋਂ ਆਜ਼ਾਦ ਕਰਵਾਉਣਾ ਪੈਣਾ ਹੈ : ਰਾਜਦੀਪ /ਗੋਗੀ

**ਰਾਏਕੋਟ/ਗੋਗੀ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪਰਵਾਰਵਾਦ ਤੋਂ ਮੁਕਤ ਕਰਵਾਉਣ ਲਈ ਵੱਖ-ਵੱਖ ਸਿੱਖ ਜਥੇਬੰਦੀਆਂ ਨੂੰ ਯਤਨਸ਼ੀਲ ਹੋਣਾ ਪਵੇਗਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਅਕਾਲੀ ਪੰਥਕ ਲਹਿਰ ਦੇ ਨੌਜਵਾਨ ਸੂਬਾ ਕਮੇਟੀ ਮੈਂਬਰ ਰਾਜਦੀਪ ਸਿੰਘ ਆਂਡਲੂ ਅਤੇ



ਨੌਜਵਾਨ ਵਿੰਗ ਮਾਲਵਾ ਜੋਨ ਦੇ ਮੈਂਬਰ ਗੁਰਮਿੰਦਰ ਸਿੰਘ ਗੋਗੀ ਸੀਲੋਆਣੀ ਨੇ ਸਾਂਝੇ ਤੌਰ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਸ੍ਰੋਮਣੀ ਕਮੇਟੀ ਸਿੱਖਾ ਦੀ ਸਰਵਉੱਚ ਹੈ ਪਰ ਇਸ ਉੱਤੇ ਹੁਣ ਤੱਕ ਬਾਦਲਾਂ ਦੇ ਪਰਿਵਾਰ ਦਲ ਵੱਲੋਂ ਹੀ ਕਬਜਾ ਕੀਤਾ ਹੋਇਆ ਹੈ। 10 ਸਾਲ ਤੋ ਜਿਆਦਾ ਸਮਾਂ ਹੋ ਚੁੱਕਿਆ ਹੈ ਸ੍ਰੋਮਣੀ ਕਮੇਟੀ ਦੀਆ ਚੋਣਾਂ ਹੋਈਆਂ ਨੂੰ ਜਦ ਕਿ ਕਾਨੂੰਨ ਅਨੁਸਾਰ ਪੰਜ ਸਾਲ ਬਾਅਦ ਸ੍ਰੋਮਣੀ ਕਮੇਟੀ ਦੀ ਚੋਣ ਹੋਣੀ ਚਾਹੀਦੀ ਹੈ ਪਰ ਬਾਦਲਾਂ ਅਤੇ ਬੀਜੇਪੀ ਦੇ ਗਠਜੋੜ ਸਰਕਾਰ ਵੱਲੋਂ ਸ੍ਰੋਮਣੀ ਕਮੇਟੀ ਦੀ ਚੋਣ ਕਰਾਉਣ ਦਾ ਨਾਮ ਤੱਕ ਨਹੀ ਲਿਆ ਜਾ ਰਿਹਾ ਬੇਸੱਕ ਬੀਜੇਪੀ ਸਰਕਾਰ ਵੱਲੋ ਜਸਟਿਸ ਸਾਰੋ ਨੂੰ ਸ੍ਰੋਮਣੀ ਕਮੇਟੀ ਦੀਆ ਚੋਣਾ ਲਈ ਮੁੱਖ ਅਫਸਰ ਨਿਯੁਕਤ ਕੀਤਾ ਗਿਆ ਸੀ ਪਰ ਜਸਟਿਸ ਸਾਰੋ ਨੂੰ ਮੋਦੀ ਸਰਕਾਰ ਵੱਲੋ ਦਫਤਰ ਤੱਕ ਅਲਾਟ ਨਹੀ ਕੀਤਾ ਗਿਆ। ਉਹਨਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ ਨੂੰ ਸਪੱਸ਼ਟ ਪਤਾ ਹੈ ਕਿ ਜੇਕਰ ਸ੍ਰੋਮਣੀ ਕਮੇਟੀ ਦੀ ਚੋਣ ਹੁੰਦੀ ਹੈ ਤਾ ਸ੍ਰੋਮਣੀ ਕਮੇਟੀ ਚੋ ਬਾਦਲ ਪਰਿਵਾਰ ਦਾ ਬਿਸਤਰਾ ਗੋਲ ਹੋਣਾ ਲੱਗਭੱਗ ਤੈਅ ਹੈ। ਹਰ ਸਿੱਖ ਜਾਣਦਾ ਹੈ ਕਿ ਕਿਵੇ ਸ੍ਰੋਮਣੀ ਕਮੇਟੀ ਦੇ ਮੁਲਾਜ਼ਮਾ ਤੋ ਸ੍ਰੋਮਣੀ ਕਮੇਟੀ ਦੇ ਮੈਂਬਰ ਘਰਾ ਚ ਕੰਮ ਕਰਵਾਉਦੇ ਹਨ ਕਿਵੇ ਗੁਰੂ ਘਰਾ ਚ ਲੰਗਰ ਦੀ ਮਰਿਆਦਾ ਨੂੰ ਤਾਰ ਤਾਰ ਕਰਕੇ ਸ੍ਰੋਮਣੀ ਕਮੇਟੀ ਦੇ ਮੈਂਬਰਾ ਅਤੇ ਵੱਡੇ ਮੁਲਾਜ਼ਮਾ ਲਈ ਅਲੱਗ ਲੰਗਰ ਤਿਆਰ ਕੀਤਾ ਜਾ ਰਿਹਾ ਹੈ। ਉਹਨਾ ਗੱਲਬਾਤ ਕਰਦਿਆ ਕਿਹਾ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਨਾ ਤਾ ਬਰਗਾੜੀ ਕਾਂਡ ਕਦੀ ਯਾਦ ਆਇਆ ਨਾ ਜਥੇਦਾਰ ਨੇ ਸੌਦਾ ਸਾਧ ਨੂੰ ਮੁਆਫੀ ਦਿੱਤੇ ਜਾਣ ਦੇ ਵਿਰੁੱਧ ਜੁਬਾਨ ਖੋਲੀ ਪਰ ਅੱਜ ਜਦੋ ਬਾਦਲ ਪਰਿਵਾਰ ਦੀ ਹਾਰ ਹੋਈ ਤਾ ਜਥੇਦਾਰ ਹਰਪ੍ਰੀਤ ਨੂੰ ਬਿਆਨ ਦੇਣਾ ਚੇਤੇ ਆ ਗਿਆ ਤੇ ਹਰ ਸਿੱਖ ਦਾ ਫਰਜ ਬਣਦਾ ਹੈ ਕਿ ਉਹ ਆਪਣੇ ਤੌਰ ਤੇ ਸ੍ਰੋਮਣੀ ਕਮੇਟੀ ਦੀਆ ਚੋਣਾ ਦੀ ਮੰਗ ਕਰੇ। ਸ੍ਰੋਮਣੀ ਕਮੇਟੀ ਦੀਆ ਚੋਣਾ ਵਿੱਚ ਇਸ ਵਾਰ ਸੰਗਤ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਦਾ ਸਾਥ ਦੇਵੇਗੀ ਇਸ ਕਰਕੇ ਬਾਦਲ ਪਰਿਵਾਰ ਬੀਜੇਪੀ ਦੇ ਜਰੀਏ ਸ੍ਰੋਮਣੀ ਕਮੇਟੀ ਦੀਆ ਚੋਣਾ ਰੋਕਣ ਲਈ ਡਿੱਕਾ ਲਗਾ ਰਿਹਾ। ਅੱਜ ਕੌਮ ਕੋਲ ਉਹ ਜਰਨੈਲ ਭਾਈ ਰਣਜੀਤ ਸਿੰਘ ਹੈ ਜੋ ਸ੍ਰੋਮਣੀ ਕਮੇਟੀ ਦੀ ਪਾਈ ਪਾਈ ਦਾ ਹਿਸਾਬ ਲੈਣ ਦੀ ਤਾਕਤ ਰੱਖਦੇ ਹਨ ਇਸ ਲਈ ਸੰਗਤ ਨੂੰ ਚਾਹੀਦਾ ਕਿ ਪੰਥਕ ਅਕਾਲੀ ਲਹਿਰ ਨੂੰ ਮਜਬੂਤ ਕਰਿਆ ਜਾਵੇ।

# ਖੰਨਾ ਪੁਲਿਸ ਨੇ ਕੁੱਝ ਹੀ ਸਮੇਂ ਵਿੱਚ ਅੰਨ੍ਹੇ ਕਤਲ ਦੀ ਗੁੱਥੀ ਨੂੰ ਸੁਲਝਾ ਲੈਣ ਦਾ ਕੀਤਾ ਦਾਅਵਾ



**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਅੱਜ ਪੁਲਿਸ ਜਿਲ੍ਹਾ ਖੰਨਾ ਦੇ ਐਸ ਐਸ ਪੀ ਜੇ. ਇਲਨਚੇਲੀਅਨ ,ਆਈ .ਪੀ. ਐਸ. ਵੱਲੋਂ ਪ੍ਰੈਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਹੋਈਆ ਦੱਸਿਆ ਕਿ ਖੰਨਾ ਪੁਲਿਸ ਨੇ 17 ਮਾਰਚ 2022 ਨੂੰ ਅਣਪਛਾਤੇ ਵਿਅਕਤੀ ਵੱਲੋਂ ਮ੍ਰਿਤਕਾ ਲਖਬੀਰ ਕੌਰ ਦੇ ਹੋਏ ਬੇਰਹਿਮੀ ਨਾਲ ਕੀਤੇ ਅੰਨ੍ਹੇ ਕਤਲ ਦੀ ਗੁੱਥੀ ਨੂੰ ਬਹੁਤ ਹੀ ਘੱਟ ਸਮੇਂ ਦੋਰਾਨ ਸੁਲਝਾ ਲੈਣ ਦਾ ਦਾਅਵਾ ਕੀਤਾ ਹੈ ਅਤੇ ਕਥਿੱਤ ਕਾਤਲ ਨੂੰ ਗ੍ਰਿਫ਼ਤਾਰ ਕਰਕੇ ਉਸ ਪਾਸੋ ਕਤਲ ਲਈ ਵਰਤਿਆ ਗਿਆ ਚਾਕੂ,ਰੱਸੀ ਅਤੇ ਮ੍ਰਿਤਕਾ ਦੇ ਦੋ ਮੋਬਾਇਲ ਫੋਨ ਵੀ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ ਉਹਨਾਂ ਦੱਸਿਆ ਕਿ ਅਮਨਦੀਪ ਸਿੰਘ ਬਰਾੜ ਪੀ ਪੀ ਐਸ ਐਸ ਪੀ (ਡੀ) ,ਗੁਰਵਿੰਦਰ ਸਿੰਘ ਪੀ ਪੀ ਐਸ ਉਪ ਪੁਲਿਸ ਕਪਤਾਨ (ਡੀ) ਖੰਨਾ ,ਹਰਵਿੰਦਰ ਸਿੰਘ ਖਹਿਰਾ ਪੀ ਪੀ ਐਸ ਉਪ ਪੁਲਿਸ ਕਪਤਾਨ,ਸਮਰਾਲਾ, ਹਰਦੀਪ ਸਿੰਘ ਉਪ ਪੁਲਿਸ ਕਪਤਾਨ( ਸਪੈਸ਼ਲ ਬਰਾਂਚ) ਅਤੇ ਇੰਸਪੈਕਟਰ ਹਾਕਮ ਸਿੰਘ ਮੁੱਖ ਅਫਸਰ ਥਾਣਾ ਸਮਰਾਲਾ ਵੱਲੋਂ ਬੜੀ ਹੀ ਬਾਰੀਕੀ, ਡੂੰਘਾਈ ਅਤੇ ਤਕਨੀਕੀ ਢੰਗ ਨਾਲ ਤਫਤੀਸ਼ ਕਰਦੇ ਹੋਏ ਮੁਕੱਦਮਾ ਉਕਤ ਟਰੇਸ ਕੀਤਾ ਅਤੇ ਇਹ ਤੱਥ ਸਾਹਮਣੇ ਆਏ ਕਿ ਮਿਤੀ 17-03-2022 ਨੂੰ ਰਾਜਿੰਦਰ ਪਾਲ ਸਿੰਘ ਪੁੱਤਰ ਭੁਪਿੰਦਰ ਸਿੰਘ ਵਾਸੀ ਰਾਏ ਮਾਜਰਾ,ਪਾਇਲੁ ਹਾਲ ਵਾਸੀ ਕਮਲ ਕਲੋਨੀ ,ਸਮਰਾਲਾ ਨੇ ਹੀ



ਮ੍ਰਿਤਕ ਲਖਬੀਰ ਕੌਰ ਉਕਤ ਦਾ ਰੱਸੀ ਨਾਲ ਗਲਾ ਘੁੱਟ ਕੇ ਤੇ ਸਰੀਰ ਪਰ ਚਾਕੂ ਨਾਲ ਵਾਰ ਕਰਕੇ ਕਤਲ ਕਰ ਦਿੱਤਾ ਸੀ ਮਿਤੀ 18.3.2022 ਨੂੰ ਸੁਖਵਿੰਦਰ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਟਿੱਬਾ ਰੋਡ ,ਲੁਧਿਆਣਾ ਨੇ ਬਿਆਨ ਦਿੱਤਾ ਸੀ ਕਿ ਉਸਦੀ ਵੱਡੀ ਭੈਣ ਲਖਬੀਰ ਕੌਰ ਪਤਨੀ ਸੁਖਵਿੰਦਰ ਸਿੰਘ ਵਾਸੀ ਪਿੰਡ ਘੁਲਾਲ ਥਾਨਾ ਸਮਰਾਲਾ ਦੇ ਕਿਰਾਏ ਦੇ ਮਕਾਨ ਵਿਚ ਕਰੀਬ 2 ਮਹੀਨੇ ਤੋਂ ਰਹਿੰਦੀ ਸੀ ਜਿਸਦਾ ਮਿਤੀ 17,18.3.2022ਦੀ ਦਰਮਿਆਨੀ ਰਾਤ ਨੂੰ ਉਕਤ ਕਿਰਾਏ ਦੇ ਮਕਾਨ ਵਿਚ ਕਿਸੇ ਨਾ ਮਾਲੂਮ ਵਿਅਕਤੀ ਵੱਲੋਂ ਬੇਰਹਿਮੀ ਨਾਲ਼ ਰੱਸੀ ਨਾਲ ਗਲਾ ਘੁੱਟ ਕੇ ਗਲੇ,ਛਾਤੀ,ਪੇਟ ਤੇ ਸਰੀਰ ਪਰ ਹੋਰ ਕਈ ਜਗ੍ਹਾ ਤਿੱਖੀ ਚੀਜ ਨਾਲ਼ ਵਾਰ ਕਰਕੇ ਕੱਤਲੁ ਕਰ ਦਿੱਤਾ ਗਿਆ ਸੀ ਜਿਸ ਸੰਬੰਧੀ ਮੁਦਈ ਸੁਖਵਿੰਦਰ ਸਿੰਘ ਉਕਤ ਦੇ ਬਿਆਨ ਤੇ ਮੁਕੱਦਮਾ ਨੰਬਰ 24 ਮਿਤੀ 18.03.2022 ਜੁਰਮ 302 ਭ/ਦ ਥਾਨਾ ਸਮਰਾਲਾ ਦਰਜ਼ ਰਜਿਸਟਰਡ ਕੀਤਾ ਗਿਆ ਸੀ 21.03.2022 ਨੂੰ ਮੁਕੱਦਮਾ ਦੇ ਕਥਿੱਤ ਦੋਸ਼ੀ ਰਾਜਿੰਦਰ ਪਾਲ ਸਿੰਘ ਉਕਤ ਨੂੰ ਹਸਬ ਜਾਬਤਾਗ੍ਰਿਫ਼ਤਾਰ ਕੀਤਾ ਗਿਆ ਅਤੇ ਜਿਸਨੇ ਮੰਨਿਆ ਕਿ ਉਸ ਨੇ ਹੀ ਮ੍ਰਿਤਕ ਲਖਬੀਰ ਕੌਰ ਦਾ ਕਤਲ ਕੀਤਾ ਹੈ ਅਤੇ ਮ੍ਰਿਤਕਾ ਦੇ ਦੋਨੋ ਮੋਬਾਇਲ ਫੋਨ ਛੁਪਾ ਦਿੱਤੇ ਸਨ ਕਥਿੱਤ ਦੋਸ਼ੀ ਰਾਜਿੰਦਰ ਪਾਲ ਸਿੰਘ ਪਾਸੋਂ ਕਤਲ ਵਿਚ ਵਰਤਿਆ ਗਿਆ ਚਾਕੂ ਅਤੇ ਮ੍ਰਿਤਕਾ ਦੇ ਦੋਨੋ ਮੋਬਾਇਲ ਫ਼ੋਨ ਵੀ ਬਰਾਮਦ ਕੀਤੇ ਜਾ ਚੁੱਕੇ ਹਨ ਕਥਿਤ ਦੋਸ਼ੀ ਨੇ ਪੁੱਛ ਗਿੱਛ ਦੌਰਾਨ ਦੱਸਿਆ ਕਿ ਉਸਦੇ ਕਿਸੇ ਔਰਤ ਨਾਲ ਨਜਾਇਜ਼ ਸੰਬੰਧ ਸਨ ਜਿਸ ਬਾਰੇ ਮ੍ਰਿਤਕਾ ਨੂੰ ਜਾਣਕਾਰੀ ਸੀ ਮ੍ਰਿਤਕਾ ਉਸਦੇ ਨਜਾਇਜ਼ ਸੰਬੰਧ ਨੂੰ ਉਜਾਗਰ ਨਾ ਕਰਨ ਦੀ ਇਵਜ਼ ਵਿਚ ਉਸ ਪਾਸੋਂ ਪੈਸਿਆਂ ਦੀ ਮੰਗ ਕਰਦੀ ਸੀ।

# ਲੁਧਿਆਣਾ (ਦਿਹਾਤੀ) ਪੁਲਿਸ ਵੱਲੋਂ ਦੋਪਹੀਆ ਵਾਹਨ ਚੋਰੀ ਕਰਨ ਵਾਲੇ 2 ਮੁਲਜ਼ਮ ਕਾਬੂ

## ਦੋਸ਼ੀਆਂ ਦੇ ਨਿਸ਼ਾਨਦੇਹੀ ’ਤੇ 3 ਮੋਟਰ ਸਾਈਕਲ ਤੇ 1 ਸਕੂਟਰ ਵੀ ਕੀਤਾ ਬ੍ਰਾਮਦ

**ਜਗਰਾਉਂ (ਲੁਧਿਆਣਾ)/ਸੁਖਚੈਨ ਮਹਿਰਾ,ਕਰਨ**

ਸ੍ਰੀ ਪਾਟਿਲ ਕੇਤਨ ਬਾਲੀਰਾਮ, ਆਈ.ਪੀ.ਐਸ, ਐਸ.ਐਸ.ਪੀ, ਲੁਧਿਆਣਾ (ਦਿਹਾਤੀ) ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਪੁਲਿਸ ਜਿਲ੍ਹਾ ਲੁਧਿਆਣਾ(ਦਿਹਾਤੀ) ਵਿਖੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰਨ ਅਤੇ ਲੁੱਟਾਂ-ਖੋਹਾਂ ਕਰਨ ਵਾਲੇ ਭੈੜੇ ਅਨਸਰਾਂ ਨੂੰ ਕਾਬੂ ਕਰਨ ਲਈ ਚਲਾਈ ਗਈ ਵਿਸ਼ੇਸ਼ ਮੁਹਿੰਮ ਦੌਰਾਨ ਸ੍ਰੀ ਗੁਰਦੀਪ ਸਿੰਘ, ਪੀ.ਪੀ.ਐਸ, ਪੁਲਿਸ ਕਪਤਾਨ(ਡੀ), ਲੁਧਿਆਣਾ(ਦਿਹਾਤੀ) ਅਤੇ ਸ੍ਰੀ ਅਨਿਲ ਕੁਮਾਰ ਭਨੋਟ, ਪੀ.ਪੀ.ਐਸ, ਉਪ ਕਪਤਾਨ ਪੁਲਿਸ(ਡੀ) ਲੁਧਿਆਣਾ(ਦਿਹਾਤੀ) ਅਤੇ ਸ੍ਰੀ ਹਰਸ਼ਪ੍ਰੀਤ ਸਿੰਘ, ਪੀ.ਪੀ.ਐਸ, ਡੀ.ਐਸ.ਪੀ, ਐਨ.ਡੀ.ਪੀ.ਐਸ, ਲੁਧਿ(ਦਿਹਾਤੀ) ਦੀ ਨਿਗਰਾਨੀ ਹੇਠ ਏ.ਐਸ.ਆਈ ਪਹਾੜਾ ਸਿੰਘ ਸੀ.ਆਈ.ਏ ਸਟਾਫ ਜਗਰਾਉ ਸਮੇਤ ਪੁਲਿਸ ਪਾਰਟੀ ਦੇ ਕਿਸ਼ਨਪੁਰਾ ਚੌਂਕ ਸਿੱਧਵਾਂ ਬੇਟ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਜਸਪ੍ਰੀਤ ਸਿੰਘ ਪੁੱਤਰ ਸਿੰਦਰਪਾਲ ਸਿੰਘ, ਵੀਰੂ ਪੁੱਤਰ ਕੁਲਵੀਰ ਸਿੰਘ ਵਾਸੀਆਨ ਗੋਰਸੀਆਂ ਖਾਨ ਮੁਹੰਮਦ ਅਤੇ ਬੋਹੜ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਠੂਠਗੜ੍ਹ ਥਾਣਾ ਧਰਮਕੋਟ ਜਿਲ੍ਹਾਂ ਮੋਗਾ ਜੋ



ਕਿ ਵੱਖ-ਵੱਖ ਸ਼ਹਿਰਾਂ ਤੋ ਮੋਟਰਸਾਈਕਲ ਅਤੇ ਸਕੂਟਰੀਆਂ ਚੋਰੀ ਕਰਕੇ ਸਸਤੇ ਰੇਟਾਂ ਵਿੱਚ ਵੇਚਣ ਦੇ ਆਦੀ ਹਨ। ਜੋ ਅੱਜ ਮੋਟਰਸਾਈਕਲ ਅਤੇ ਸਕੂਟਰੀਆਂ ਗ੍ਰਾਹਕਾਂ ਨੂੰ ਵੇਚਣ ਲਈ ਸਿੱਧਵਾਂ ਬੇਟ ਅਤੇ ਜਗਰਾਉ ਸ਼ਹਿਰ ਵੱਲ ਆ ਰਹੇ ਹਨ। ਜਿਸ ਤੇ ਉਕਤ ਵਿਆਕਤੀਆਂ ਵਿਰੁੱਧ ਮੁਕੱਦਮਾ ਨੰਬਰ 61 ਮਿਤੀ 21.03.2022 ਅ/ਧ 379 ਭ/ਦ ਥਾਣਾ ਸਿੱਧਵਾਂ ਬੇਟ ਦਰਜ ਰਜਿਸਟਰ ਕਰਕੇ ਕੀਤਾ ਗਿਆ। ਮੁਕੱਦਮੇ ਦੀ ਤਫਤੀਸ਼ ਦੌਰਾਨ ਸਿੱਧਵਾਂ ਬੇਟ-ਹੰਬੜਾਂ ਰੋਡ ਬੱਸ ਅੱਡਾ ਮੇਨ ਗੇਟ ਪਿੰਡ ਗੋਰਸੀਆਂ ਕਾਦਰ ਬਖਸ਼ ਨਾਕਾਬੰਦੀ ਕੀਤੀ ਗਈ ਤਾਂ ਦੌਰਾਨੇ ਨਾਕਾਬੰਦੀ ਪਿੰਡ ਗੋਰਸ਼ੀਆਂ ਕਾਦਰ ਬਖਸ਼ ਵੱਲੋ 02 ਮੋਟਰਸਾਈਕਲ ਇੱਕ ਮੋਟਰਸਾਈਕਲ ਪਰ 02 ਵਿਅਕਤੀ ਅਤੇ ਇੱਕ ਮੋਟਰਸਾਈਕਲ ਪਰ 01 ਵਿਅਕਤੀ ਆ ਰਹੇ ਸਨ ਜੋ ਨਾਕਾਬੰਦੀ ਦੇਖ ਦੇ ਘਬਰਾ ਕੇ ਪਿੱਛੇ ਮੁੜਨ ਲੱਗੇ। ਜਿਹਨਾਂ ਵਿੱਚੋ ਜਸਪ੍ਰੀਤ ਸਿੰਘ ਪੁੱਤਰ ਸਿੰਦਰਪਾਲ ਸਿੰਘ ਅਤੇ ਬੋਹੜ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਠੂਠਗੜ੍ਹ ਥਾਣਾ ਧਰਮਕੋਟ ਜਿਲ੍ਹਾਂ ਮੋਗਾ ਨੂੰ ਮੋਟਰਸਾਈਕਲ ਨੰਬਰ ਪੀ.ਬੀ-67-ਡੀ-6488ਹੀਰੋ ਸਪਲੈਂਡਰ ਅਤੇ ਮੋਟਰਸਾਈਕਲ ਨੰਬਰ ਪੀ.ਬੀ.29-ਏ-7953 ਬਜਾਜ ਸੀ.ਟੀ-100 ਦੇ ਮੌਕਾ ਪਰ ਗ੍ਰਿਫਤਾਰ ਕੀਤਾ ਗਿਆ। ਦੌਰਾਨੇ ਤਫਤੀਸ਼ ਦੋਸ਼ੀਆ ਦੀ ਨਿਸ਼ ?ਨਦੇਹੀ ’ਤੇ ਪਿੰਡ ਗੋਰਸੀਆਂ ਖਾਨ ਮੁਹੰਮਦ ਦੇ ਸ਼ਮਸ਼ਾਨਘਾਟ ਦੇ ਅੰਦਰ ਸ਼ੈਡ ਦੀ ਇੱਕ ਪਾਸੇ ਵਿੱਚ ਕੱਪੜੇ ਨਾਲ ਢੱਕ ਕੇ ਰੱਖੇ ਹੋਏ ਮੋਟਰਸਾਈਕਲ ਪੀ.ਬੀ-08-ਡੀ.ਏ-1443 ਹੀਰੋ ਸਪਲੈਂਡਰ, ਮੋਟਰਸਾਈਕਲ ਪੀ.ਬੀ-10ਐਚ.ਕੇ-9153 ਹੀਰੋ ਸਪਲੈਂਡਰ, ਮੋਟਰਸਾਈਕਲ ਪਲਾਟਿਨਾ ਬਿਨ੍ਹਾਂ ਨੰਬਰੀ ਜਿਸ ਦੀ ਚੈਸੀ ਨੰਬਰ $4➢1761⬆-41♣865062 ਅਤੇ ਇੱਕ ਐਕਟਿਵਾ ਨੰਬਰ ਪੀ.ਬੀ-25-ਐਫ-7815 ਬਰਾਮਦ ਕੀਤੇ ਗਏ। ਇਸੇ ਤਰਾਂ ਇੰਚਾਰਜ ਪੁਲਿਸ ਚੌਂਕੀ ਬੱਸ ਸਟੈਂਡ ਜਗਰਾਂਉ ਵੱਲੋਂ ਮੁਕੱਦਮਾ ਨੰਬਰ 39 ਮਿਤੀ 21.03.2022 ਅ/ਧ 379/411 ਭ/ਦ ਥਾਣਾ ਸਿਟੀ ਜਗਰਾਂਉ ਵਿੱਚ ਦੋਸ਼ੀ ਗੁਰਪ੍ਰੀਤ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਲੀਲਾਂ ਮੇਘ ਸਿੰਘ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ ਚੋਰੀ ਦਾ ਮੋਟਰ ਸਾਈਕਲ ਨੰਬਰ ਪੀ.ਬੀ-25-ਬੀ-7456 ਅਤੇ ਮੋਟਰ ਸਾਈਕਲ ਨੰਬਰ ਪੀ.ਬੀ-10-ਐਫ.ਜੇ-4534 ਬਰਾਮਦ ਕੀਤੇ ਗਏ।

### ਬ੍ਰਾਮਦਗੀ :-

**ਮੁਕੱਦਮਾ ਨੰਬਰ 61 ਮਿਤੀ 21.03.2022 ਅ/ਧ 379 ਭ/ਦ ਥਾਣਾ ਸਿੱਧਵਾਂ ਬੇਟ**

- ❑ ਮੋਟਰਸਾਈਕਲ ਨੰਬਰ ਪੀ.ਬੀ-67-ਡੀ-6488ਹੀਰੋ ਸਪਲੈਂਡਰ
- ❑ ਮੋਟਰਸਾਈਕਲ ਨੰਬਰ ਪੀ.ਬੀ.29-ਏ-7953 ਬਜਾਜ ਸੀ.ਟੀ-100
- ❑ ਮੋਟਰਸਾਈਕਲ ਪੀ.ਬੀ-08-ਡੀ.ਏ-1443 ਹੀਰੋ ਸਪਲੈਂਡਰ,
- ❑ ਮੋਟਰਸਾਈਕਲ ਪੀ.ਬੀ-10ਐਚ.ਕੇ-9153 ਹੀਰੋ ਸਪਲੈਂਡਰ,
- ❑ ਮੋਟਰਸਾਈਕਲ ਪਲਟੀਨਾ ਬਿਨ੍ਹਾਂ ਨੰਬਰੀ ਚੈਸੀ ਨੰਬਰ $4➢1761⬆41♣865062
- ❑ ਇੱਕ ਐਕਟਿਵਾ ਨੰਬਰ ਪੀ.ਬੀ-25-ਐਫ-7815

**ਮੁਕੱਦਮਾ ਨੰਬਰ 39 ਮਿਤੀ 21.03.2022 ਅ/ਧ 379/411 ਭ/ਦ ਥਾਣਾ ਸਿਟੀ ਜਗਰਾਂਉ।**

- ❑ ਮੋਟਰਸਾਈਕਲ ਨੰਬਰ ਪੀ.ਬੀ-25-ਬੀ-7456.
- ❑ ਮੋਟਰ ਸਾਈਕਲ ਨੰਬਰ ਪੀ.ਬੀ-10-ਐਫ.ਜੇ-4534.

# ਵੱਖ-ਵੱਖ ਥਾਵਾਂ ਤੇ ਵਿਸ਼ਵ ਜਲ ਦਿਵਸ ਮਨਾਇਆ ਗਿਆ



**ਫਾਜ਼ਿਲਕਾ/ਗੌਰਵ ਸ਼ਰਮਾ**

ਆਜਾਦੀ ਦਾ ਅੰਮ੍ਰਿਤ ਮਹੋਤਸਵ ਤਹਿਤ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਮੰਡਲ ਅਬੋਹਰ ਵੱਲੋਂ ਕਾਰਜਕਾਰੀ ਇੰਜੀਨੀਅਰ ਅੰਮ੍ਰਿਤਦੀਪ ਸਿੰਘ ਭੱਠਲ ਦੀ ਯੋਗ ਅਗਵਾਈ ਤੇ ਦਿਸ਼ਾ ਨਿਰਦੇਸ਼ ਤੇ ਅੱਜ ਵਿਭਾਗ ਦੇ ਸੋਸ਼ਲ ਵਿੰਗ ਵੱਲੋਂ ਵੱਖ ਵੱਖ ਥਾਵਾਂ ਤੇ ਵਿਸ਼ਵ ਜਲ ਦਿਵਸ ਮਨਾਇਆ ਗਿਆ।ਇਸ ਦੌਰਾਨ ਢਾਣੀ ਠਾਕਰ ਸਿੰਘ ਬੱਲੂਆਣਾ ਭੰਗਾਲਾਂ ਤੇ ਹੋਰ ਥਾਵਾਂ ਤੇ ਕਰਵਾਏ ਗਏ ਪ੍ਰੋਗਰਾਮ ਦੌਰਾਨ ਵਿਭਾਗ ਦੇ ਆਈ ਈ ਸੀ ਸੁਖਜਿੰਦਰ ਸਿੰਘ ਢਿੱਲੋਂ ਬੀਆਰਸੀ ਸੁਖਪਾਲ ਸਿੰਘ ਤੇ ਹੋਰ ਕਰਮਚਾਰੀਆਂ ਵੱਲੋਂ ਜਿਥੇ ਲੋਕਾਂ ਨੂੰ ਪਾਣੀ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ ਉਥੇ ਬੱਚਿਆਂ ਨੂੰ ਪਾਣੀ ਦੀ ਸੰਭਾਲ ਕਰਨ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਤੇ ਉਨ੍ਹਾਂ ਨੇ ਕਿਹਾ ਕਿ ਪਾਣੀ ਸਾਡੇ ਜੀਵਨ ਦੀ ਮੁੱਖ ਲੋੜ ਹੈ ਤੇ ਸਾਨੂੰ ਪਾਣੀ ਦੀ ਵਰਤੋਂ ਸੁਚੱਜੇ ਢੰਗ ਨਾਲ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਲੋਕਾਂ ਨੂੰ ਸਾਫ ਸੁਥਰਾ ਪਾਣੀ ਉਪਲਬਧ ਕਰਵਾਉਣ ਲਈ ਵਚਨਬੱਧ ਹੈ।ਇਸ ਦੌਰਾਨ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਘਰਾਂ ਵਿੱਚ ਪਾਣੀ ਦੇ ਕੁਨੈਕਸ਼ਨਾਂ ਤੇ ਟੈਬ ਨਹੀਂ ਲੱਗੇ ਹੋਏ ਉਹ ਆਪਣੇ ਕੁਨੈਕਸ਼ਨਾਂ ਤੇ ਟੈਬ ਜ਼ਰੂਰ ਲਾ ਲੈਣ ਤੇ ਪਾਣੀ ਦੀ ਬਰਬਾਦੀ ਨੂੰ ਰੋਕਿਆ ਜਾਵੇ ਉਨ੍ਹਾਂ ਕਿਹਾ ਕਿ ਕਈ ਥਾਵਾਂ ਤੇ ਪਾਣੀ ਖੁੱਲ੍ਹੇ ਵਿੱਚ ਹੀ ਛੱਡ ਦਿੱਤਾ ਜਾਂਦਾ ਹੈ ਜਿਸ ਕਾਰਨ ਪਾਣੀ ਦੀ ਬਰਬਾਦੀ ਹੁੰਦੀ ਹੈ ਉਨ੍ਹਾਂ ਕਿਹਾ ਕਿ ਪਾਣੀ ਦੀ ਬਰਬਾਦੀ ਨੂੰ ਰੋਕਣਾ ਚਾਹੀਦਾ ਹੈ ਇਸ ਦੌਰਾਨ ਸਕੂਲਾਂ ਦੇ ਅਧਿਆਪਕਾਂ ਵੱਲੋਂ ਵੀ ਬੱਚਿਆਂ ਨੂੰ ਪ੍ਰੇਰਿਆ ਗਿਆ ਕਿ ਉਹ ਜਿੱਥੇ ਆਪਣੇ ਮਾਪਿਆਂ ਤੇ ਆਲੇ ਦੁਆਲੇ ਦੇ ਲੋਕਾਂ ਨੂੰ ਪਾਣੀ ਦੀ ਸੰਭਾਲ ਕਰਨ ਲਈ ਪ੍ਰੇਰਿਤ ਕਰਨ ਉਥੇ ਖ਼ੁਦ ਵੀ ਪਾਣੀ ਦੀ ਸੰਭਾਲ ਕਰਨ ਦਾ ਅੱਜ ਤੋਂ ਹੀ ਅਹਿਦ ਲੈ ਲੈਣ। ਇਸ ਮੌਕੇ ਤੇ ਸੁਖਜਿੰਦਰ ਸਿੰਘ ਢਿੱਲੋਂ ਤੇ ਸੁਖਪਾਲ ਸਿੰਘ ਵੀ ਆਰ ਸੀ ਨੇ ਦੱਸਿਆ ਕਿ ਵਿਸ਼ਵ ਜਲ ਦਿਵਸ ਮਨਾਉਣ ਦੀ ਸ਼ੁਰੂਆਤ ਉਨੀ ਸੌ ਤਰੰਨਵੇ ਤੋਂ ਹੋਈ ਸੀ ਇਸ ਮੌਕੇ ਤੇ ਸਕੂਲਾਂ ਦੇ ਬੱਚਿਆਂ ਨੇ

# ਹੁਣ ਨਸ਼ਾ ਤਸਕਰਾਂ ਦੀ ਖੈਰ ਨਹੀਂ

## ਲੋਕ ਪੁਲਿਸ ਨੂੰ ਸਹੀ ਇਤਲਾਹ ਦੇਣ

## ਨਸ਼ਾ ਖਤਮ ਕਰਨ ਲਈ ਪਿੰਡਾਂ ਦੇ ਗੁਰਦੁਆਰਿਆਂ ਵਿੱਚ ਅਨਾਊਂਸਮੈਂਟਾਂ ਕਰਾ ਰਹੇ ਹਾਂ - ਸੁਰਜਣ ਸਿੰਘ



**ਜੰਡਿਆਲਾ ਗੁਰੂ/ ਜਸਪਾਲ ਸ਼ਰਮਾ**

ਐਸ.ਐਸ ਪੀ.ਦਿਹਾਤੀ, ਐਸ.ਪੀ.ਹੈਡ ਕੁਆਰਟਰ ਗੁਰਮੀਤ ਸਿੰਘ ਚੀਮਾ, ਡੀਐਸਪੀ ਜੰਡਿਆਲਾ ਗੁਰੂ ਸੁੱਖਵਿੰਦਰ ਪਾਲ ਸਿੰਘ ਤੇ ਥਾਣਾ ਜੰਡਿਆਲਾ ਗੁਰੂ ਦੇ ਐਸ. ਐਚ. ਓ.ਬਲਕਾਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੁਲਿਸ ਚੌਂਕੀ ਦੇ ਗਹਿਰੀ ਮੰਡੀ ਇੰਚਾਰਜ ਐਸ.ਆਈ. ਸੁਰਜਣ ਸਿੰਘ ਨੇ ਇਲਾਕੇ ਦੇ ਮੈਡੀਕਲ ਸਟੋਰ ਮਾਲਕਾਂ ਤੇ ਦੁਕਾਨਦਾਰਾਂ ਤੇ ਹੋਰਨਾਂ ਨਾਲ ਮੀਟਿੰਗ ਕੀਤੀ । ਮੀਟਿੰਗ ਦੌਰਾਨ ਚੌਂਕੀ ਇੰਚਾਰਜ ਸੁਰਜਣ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਲਾਕੇ ਦੇ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ । ਉਹਨਾਂ ਕਿਹਾ ਕਿ ਲੋਕ ਪੁਲਿਸ ਨੂੰ ਸਹੀ ਇਤਲਾਹ ਦੇਣ ਤਾਂ ਕਿ ਪੁਲਿਸ ਆਪਣਾ ਕੰਮ ਪਾਰਦਰਸ਼ੀ ਢੰਗ ਨਾਲ ਕਰ ਸਕੇ । ਉਹਨਾਂ ਕਿਹਾ ਕਿ ਇਲਾਕੇ ਦੇ ਮੋਹਤਬਰਾਂ ਤੇ ਆਮ ਲੋਕਾਂ ਨੂੰ ਥਾਣਿਆਂ ਤੇ ਚੌਂਕੀਆਂ @ਚ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ ???। ਚੌਂਕੀ ਇੰਚਾਰਜ ਸੁਰਜਣ ਸਿੰਘ ਨੇ ਕਿਹਾ ਕਿ ਉਹ ਨਸ਼ਿਆਂ ਦੀ ਰੋਕਥਾਮ ਲਈ ਪਿੰਡਾਂ ਦੇ ਗੁਰਦੁਆਰਿਆਂ ਵਿੱਚ ਅਨਾਊਂਸਮੈਂਟਾਂ ਕਰਾ ਕੇ ਨਸ਼ਾ ਤਸਕਰਾਂ ਨੂੰ ਚਿਤਾਵਨੀ ਦੇ ਰਹੇ ਹਨ ਕਿ ਹੁਣ ਉਹ ਬਾਜ਼ ਆ ਜਾਣ ਨਹੀਂ ਤੇ ਹੁਣ ਉਹਨਾਂ ਦੀ ਖੈਰ ਨਹੀਂ। ਮੀਟਿੰਗ ਦੌਰਾਨ ਸਾਰੇ ਹੀ ਇਲਾਕੇ ਦੇ ਮੈਡੀਕਲ ਸਟੋਰ ਮਾਲਕਾਂ ਨੇ ਪੁਲਿਸ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਪੁਲਿਸ ਦਾ ਪੂਰੀ ਤਰ੍ਹਾਂ ਸਾਥ ਦੇਣਗੇ । ਇਸ ਮੌਕੇ ਤੇ ਏਐਸਆਈ ਸਰਦੂਲ ਸਿੰਘ, ਕਾਂਸਟੇਬਲ ਸਰਵਣ ਸਿੰਘ, ਡਾਕਟਰ ਸਰਵਣ ਸਿੰਘ ਵਾਰਿਸ, ਡਾਕਟਰ ਕੇਵਲ ਸਿੰਘ ਵਾਰਿਸ, ਰਾਣਾ ਮੈਡੀਕਲ ਸਟੋਰ ਵਾਲੇ, ਸਿਮਰਨ ਮੈਡੀਕੋਜ਼, ਗੁਰੂ ਨਾਨਕ ਮੈਡੀਕਲ, ਭੰਗੂ, ਮੈਡੀਕਲ ਸਟੋਰ ਵਾਲੇ, ਅਸ਼ਵਨੀ ਕੁਮਾਰ ਨਵਾਂ ਪਿੰਡ ਆਦਿ ਨੇ ਵੀ ਲੋਕਾਂ ਨੂੰ ਪੁਲਿਸ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ।

ਅਦਾਰਾ ‘ਲੋਕ ਬਾਣੀ’ ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

## ਭਾਰਤ ਵਿਕਾਸ ਪ੍ਰੀਸ਼ਦ ਧਰਮਕੋਟ ਵੱਲੋਂ ਖ਼ੂਨਦਾਨ ਕੈਪ 27 ਨੂੰ



**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਭਾਰਤ ਵਿਕਾਸ ਪ੍ਰੀਸ਼ਦ ਦੀ ਸ਼ਾਖਾ ਧਰਮਕੋਟ ਵੱਲੋਂ ਪੰਜਾਬ ਨੈਸ਼ਨਲ ਬੈਂਕ ਮੈਨੇਜਰ ਰਜਿਤ ਸ਼ਰਮਾਂ ਅਤੇ ਸਟਾਫ ਦੇ ਵਿਸ਼ੇਸ਼ ਸਹਿਯੋਗ ਨਾਲ 27 ਮਾਰਚ ਦਿਨ ਐਤਵਾਰ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸਹੀਦੀ ਨੂੰ ਸਮਰਪਿਤ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼ਾਖਾ ਦੇ ਚੇਅਰਮੈਨ ਅਤੁਲ ਕੁਮਾਰ ਨੌਹਰੀਆ ਅਤੇ ਪ੍ਰਧਾਨ ਗੌਰਵ ਸ਼ਰਮਾਂ ਨੇ ਦੱਸਿਆ ਸ਼ਹੀਦਾਂ ਨੂੰ ਸ਼ਰਧਾਜਲੀ ਦੇਣ ਦੇ ਮੰਤਵ ਨਾਲ ਭਾਰਤ ਵਿਕਾਸ ਪ੍ਰੀਸ਼ਦ ਦੀ ਸਾਖਾ ਧਰਮਕੋਟ ਵੱਲੋਂ 27 ਮਾਰਚ ਨੂੰ ਲਾਲਾ ਗੋਪੀ ਮੱਲ ਦੀ ਸਰਾਂ ਪੰਡੋਰੀ ਗੇਟ ਧਰਮਕੋਟ ਵਿਖੇ ਸਵੇਰੇ 10.00 ਵਜੇ ਤੋਂ 02.00 ਤੱਕ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ । ਕੈਂਪ ਤਹਿਤ ਸਿੱਧੂ ਲੈਬ ਧਰਮਕੋਟ ਵੱਲੋਂ ਬਲੱਡ ਗਰੁੱਪ ਤੇ ਐਚ.ਬੀ ਟੈਸਟ ਫਰੀ ਕੀਤੇ ਜਾਣਗੇ । ਉਹਨਾਂ ਖੂਨ ਦਾਨੀਆਂ ਨੂੰ ਵੱਧ ਤੋਂ ਵੱਧ ਇਸ ਕੈਂਪ ਵਿਚ ਹਿੱਸਾ ਲੈਣ ਦੀ ਅਪੀਲ ਕੀਤੀ । ਖ਼ੂਨਦਾਨੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ । ਪੋਸਟਰ ਜਾਰੀ ਕਰਨ ਉਪਰੰਤ ਪੰਜਾਬ ਨੈਸ਼ਨਲ ਬੈਂਕ ਮੈਨੇਜਰ ਰਜਿਤ ਸ਼ਰਮਾਂ ਨੇ ਜਿਥੇ ਪ੍ਰੀਸ਼ਦ ਵੱਲੋਂ ਹਰ ਸਾਲ ਕੀਤੇ ਜਾਂਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਉਥੇ ਅਜਿਹੇ ਪ੍ਰੋਗਰਾਮਾਂ ਵਿਚ ਵਿਸ਼ੇਸ਼ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ । ਇਸ ਮੌਕੇ ਸੈਕਟਰੀ ਰਾਜੇਸ਼ ਕੁਮਾਰ ਸੁਖੀਜਾ, ਜਸਵਿੰਦਰ ਸਿੰਘ ਕੈਸੀਅਰ, ਪੰਡਿਤ ਪ੍ਰੀਤਮ ਲਾਲ ਭਾਰਤਵਾਜ, ਰਮਨ ਜਿੰਦਲ ਪ੍ਰਧਾਨ, ਅਸ਼ਵਨੀ ਜੱਸੀ (ਤਿੰਨੋ ਕੈਂਪ ਇੰਚਾਰਜ) , ਮਾਸਟਰ ਵਿਨੈ ਕੁਮਾਰ, ਬਲਜਿੰਦਰ ਸਿੰਘ ਸਿੱਧੂ ਲੈਬ ਵਾਲੇ, ਗੌਰਵ ਦਾਬੜਾ, ਡਾ. ਰਜਿੰਦਰ ਬੱਤਰਾ, ਸਚਿਨ ਗਰੋਵਰ, ਵਿਸ਼ਾਲ ਕੱਕੜ ਆਦਿ ਹਾਜਰ ਸਨ ।

## ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅੱਜ ਸਾਈਕਲ ਰੈਲੀ ਦਾ ਕੀਤਾ ਆਗਾਜ਼

**ਜਗਰਾਉਂ (ਲੁਧਿਆਣਾ)/ਸੁਖਚੈਨ ਮਹਿਰਾ; ਕਰਨ ਅੱਗਰਵਾਲ**

ਡਾ. ਪਾਟਿਲ ਕੇਤਨ ਬਾਲੀਰਾਮ, ਆਈ.ਪੀ.ਐਸ, ਐਸ.ਐਸ.ਪੀ, ਲੁਧਿਆਣਾ (ਦਿਹਾਤੀ) ਦੀ ਸੁਚੱਜੀ ਅਗਵਾਈ ਅਧੀਨ ਸ਼ਹੀਦ-ਏ-ਆਜਮ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ ਸ਼ਰਧਾਜਲੀ ਭੇਂਟ ਕਰਨ ਲਈ ਅੱਜ ਮਿਤੀ 22.03.2022 ਨੂੰ ਜਗਰਾਂਉ ਤੋਂ ਹੁਸੈਨੀਵਾਲਾ, ਜਿਲ੍ਹਾ ਫਿਰੋਜਪੁਰ ਤੱਕ 100 ਕਿਲੋਮੀਟਰ ਸਾਈਕਲ ਰੈਲੀ ਦਾ ਅਯੋਜਨ ਕੀਤਾ ਗਿਆ। ਇਸ ਸਾਈਕਲ ਰੈਲੀ ਵਿੱਚ ਪਦਮ ਸ਼੍ਰੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਅਤੇ ਸ਼ਹੀਦ-ਏ-ਆਜਮ ਸਰਦਾਰ ਭਗਤ ਸਿੰਘ ਦੇ ਭਤੀਜੇ ਸ੍ਰੀ ਜ਼ੋਰਾਵਰ ਸਿੰਘ ਸੰਧੂ, ਸ੍ਰੀ ਐਸ.ਪੀ.ਐਸ ਪਰਮਾਰ, ਆਈ.ਪੀ.ਐਸ, ਆਈ.ਜੀ.ਪੀ, ਲੁਧਿਆਣਾ ਰੇਂਜ, ਲੁਧਿਆਣਾ ਅਤੇ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ, ਆਈ.ਪੀ.ਐਸ, ਕਮਿਸ਼ਨਰ ਪੁਲਿਸ, ਲੁਧਿਆਣਾ, ਸ਼੍ਰੀ ਵਰਿੰਦਰ ਕੁਮਾਰ ਸ਼ਰਮਾ, ਆਈ.ਏ.ਐਸ, ਡਿਪਟੀ ਕਮਿਸ਼ਨਰ, ਲੁਧਿਆਣਾ, ਡਾ. ਨਯਨ ਜੱਸਲ, ਏ.ਡੀ.ਸੀ, ਜਗਰਾਂਉ, ਸ੍ਰੀ ਵਿਕਾਸ ਹੀਰਾ, ਐਸ.ਡੀ.ਐਮ ਜਗਰਾਂਉ, ਸ੍ਰੀ ਗੁਰਦੀਪ ਸਿੰਘ, ਪੀ.ਪੀ.ਐਸ, ਸ੍ਰੀ ਪ੍ਰਿਥੀਪਾਲ ਸਿੰਘ, ਐਸ.ਪੀ ਹੈਡਕੁਆਟਰ, ਲੁਧਿ (ਦਿਹਾਤੀ), ਸ੍ਰੀਮਤੀ ਗੁਰਮੀਤ ਕੌਰ, ਪੀ.ਪੀ.ਐਸ, ਸ੍ਰੀਮਤੀ ਰੁਪਿੰਦਰ ਕੌਰ ਸਰਾਂ, ਪੀ.ਪੀ.ਐਸ ਡਾ. ਦੀਪਕ ਕਲਿਆਣੀ, ਪ੍ਰਧਾਨ ਇੰਡੀਅਨ ਮੈਡੀਕਲ ਐਸੋਸੀਏਸ਼ਨ ਜਗਰਾਉਂ, ਸ੍ਰੀ ਰਜਿੰਦਰ ਜੈਨ ਅਤੇ ਸ੍ਰੀ ਬਲਵੀਰ ਸਿੰਘ ਗਿੱਲ ਫਾਇਨਾਂਸ, ਜਗਰਾਂਉ, ਪੰਜਾਬੀ ਗਾਇਕ ਰਾਜਵੀਰ ਜਵੰਧਾ ਇਸ ਰੈਲੀ ਵਿੱਚ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ ਅਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਮਾਨਯੋਗ ਸਖਸ਼ੀਅਤਾਂ ਅਤੇ ਪਦਮ ਸ੍ਰੀ ਸੰਤ ਬਾਬਾ ਬਲਬੀਰ ਸਿੰਘ ਜੀ ਸੀਂਚੇਵਾਲ ਵਾਲਿਆਂ ਵੱਲੋਂ ਪੰਡਾਲ ਵਿੱਚ ਹਾਜਰ ਨੌਜਵਾਨ ਵਿਦਿਆਰਥੀ ਅਤੇ ਵੱਖ-ਵੱਖ ਕਾਲਜਾਂ ਸਕੂਲਾਂ ਅਤੇ ਕਲੱਬਾਂ ਦੇ ਨੁਮਾਇੰਦਿਆਂ ਨੂੰ ਸੰਬੋਧਨ ਕਰਦੇ ਹੋਏ ਨਸ਼ਾ ਮੁਕਤ ਪ ?ਜਾਬ ਸਿਰਜਨ, ਨੌਜਵਾਨਾਂ ਨੂੰ ਸਾਈਕਲਿੰਗ, ਖੇਡਾਂ ਨਾਲ ਜੋੜਨਾਂ ਅਤੇ ਵਾਤਾਵਰਨ ਦੀ ਸਾਂਭ ਸੰਭਾਲ ਲਈ ਵਿਸ਼ੇਸ ਉਪਰਾਲੇ ਕਰਨ ਲਈ ਪ੍ਰੇਰਿਤ ਕੀਤਾ ਗਿਆ। ਮਾਨਯੋਗ ਆਈ.ਜੀ.ਪੀ, ਲੁਧਿਆਣਾ ਰੇਜ, ਲੁਧਿਆਣਾ ਵੱਲੋ ਆਪਣੇ ਸੰਬੋਧਨ ਵਿੱਚ ਸਾਈਕਲ ਰੈਲੀ ਵਿੱਚ ਭਾਗ ਲੈ ਰਹੇ ਨੌਜਵਾਨਾਂ ਨੂੰ ਸਾਈਕਲਿੰਗ ਕਰਦੇ ਸਮੇ ਸੜ੍ਹਕ ਤੇ ਸੁਰੱਖਿਅਤ ਚੱਲਣ ਲਈ ਦਿਸ਼ਾ-ਨਿਰਦੇਸ਼/ਸੁਝਾਅ ਦਿੱਤੇ ਗਏ।



ਸਮਾਗਮ ਵਿੱਚ ਵਿਸ਼ੇਸ ਤੌਰ 'ਤੇ ਪਹੁੰਚੇ ਪਦਮ ਸ੍ਰੀ ਸੰਤ ਬਾਬਾ ਬਲਬੀਰ ਸਿੰਘ ਜੀ ਸੀਚੇਵਾਲ ਅਤੇ ਸਨਮਾਨ ਯੋਗ ਸਖਸ਼ੀਅਤਾਂ ਨੂੰ ਸਿਰੋਪਾਓ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਾਈਕਲ ਰੈਲੀ ਨੂੰ ਪੁਲਿਸ ਲਾਈਨ, ਲੁਧਿਆਣਾ(ਦਿਹਾਤੀ) ਜਗਰਾਉ ਤੋਂ ਪਦਮ ਸ੍ਰੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਅਤੇ ਸਨਮਾਨਯੋਗ ਸ਼ਖਸ਼ੀਅਤਾ ਵੱਲੋਂ ਸ਼ਮਾ-ਰੋਸ਼ ? ?ਨ ਕਰਕੇ ਅਤੇ ਹਰੀ ਝੰਡੀ ਦੇ ਕੇ ਰੈਲੀ ਦਾ ਅਗਾਜ਼ ਕੀਤਾ ਗਿਆ। ਸਾਈਕਲ ਰੈਲੀ ਵਿੱਚ ਭਾਗ ਲੈ ਰਹੇ ਨੌਜਾਵਨਾਂ ਦੀ ਸਿਹਤ ਅਤੇ ਸੁਰੱਖਿਆ ਲਈ ਡਾਕਟਰੀ ਟੀਮਾਂ ਅਤੇ ਐਬੂਲੈਸ ਗੱਡੀਆਂ ਵੀ ਨਾਲ ਰਵਾਨਾ ਕੀਤੀਆਂ ਗਈਆਂ ਅਤੇ ਨੌਜਵਾਨਾਂ ਲਈ ਰਿਫਰੈਸ਼ਮੈਂਟ ਦਾ ਵੀ ਪ੍ਰਬੰਧ ਕੀਤਾ ਗਿਆ। ਇੱਥੇ ਇਹ ਵੀ ਵਰਣਨਯੋਗ ਹੈ ਕਿ ਡਾਕਟਰ ਪਾਟਿਲ ਕੇਤਨ ਬਾਲੀਰਾਮ, ਆਈ.ਪੀ.ਐਸ ਜੀ ਵੱਲੋਂ ਆਪਣੀ ਦੇਖ-ਰੇਖ ਹੇਠ ਪਹਿਲਾਂ ਵੀ ਇਸ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਖਟਕੜ ਕਲਾਂ ਤੋਂ ਲੁਧਿਆਣਾ ਹੁੰਦੇ ਹੋਏ ਸ਼ਹੀਦੀ ਸਮਾਰਕ ਹੁਸੈਨੀਵਾਲ ਫਿਰੋਜਪੁਰ ਤੱਕ ਕਰੀਬ 200 ਕਿਲੋਮੀਟਰ ਤੱਕ ਸਾਈਕਲ ਰੈਲੀ ਅਤੇ ਆਸਫਵਾਲਾ ਜਿਲ੍ਹਾ ਫਾਜਿਲਕਾ ਤੋਂ ਜਲਾਲਾਬਾਦ, ਫਿਰੋਜਪੁਰ ਤੋਂ ਹੁੰਦੇ ਹੋਏ ਸ਼ਹੀਦੀ ਸਮਾਰਕ ਹੁਸੈਨੀਵਾਲਾ ਤੱਕ ਸੈਕੜੇ ਨੌਜਵਾਨਾਂ ਨਾਲ ਸਾਈਕਲ ਰੈਲੀਆਂ ਦਾ ਆਯੋਜਨ ਕੀਤਾ ਗਿਆ ਸੀ।

## ਚੋਰਾਂ ਦੇ ਹੌਸਲੇ ਬੁਲੰਦ

ਗੋਲੇ ਵਾਲਾ ਤੋਂ ਅੰਗਰੇਜ਼ ਸਿੰਘ ਬਰਾੜ ਆਮ ਆਦਮੀ ਪਾਰਟੀ ਦੀ ਸਰਕਾਰ ਬਣਦਿਆਂ ਹੀ ਸਰਕਾਰੀ ਤੇ ਪ੍ਰਾਈਵੇਟ ਦਫਤਰਾਂ ਵਿੱਚ ਤਾਂ ਸਧਾਰ ਹੁੰਦਾ ਨਜ਼ਰ ਆ ਰਿਹਾ ਹੈ ਪਰ ਚੋਰੀਆਂ ਦਾ ਸਿਲਸਿਲਾ ਦਿਨ ਬਦਿਨ ਵੱਧਦਾ ਜਾ ਰਿਹਾ ਹੈ ਜ਼ਿਲਾ ਫਰੀਦਕੋਟ ਦੇ ਨੇੜਲੇ ਪਿੰਡ ਪੱਖੀ ਖੁਰਦ ਦੇ ਸਰਕਾਰੀ ਮਿਡਲ ਸਕੂਲ ਵਿੱਚੋਂ ਚੋਰਾਂ ਸਕੂਲ ਦੇ ਕਮਰਿਆਂ ਦੇ ਜਿੰਦਰੇ ਤੋੜ ਕੇ 2 ਸਿਲਡੰਰ 2 ਏਲਸੀਡੀਆ,1 ਕੰਪਿਊਟਰ 1 ਪਾਣੀ ਵਾਲੀ ਮੋਟਰ,ਪਰਦੇ, ਅਤੇ ਬੱਚਿਆਂ ਦੇ ਖੇਡਣ ਵਾਲਾ ਕਾਫੀ ਗਿਣਤੀ ਵਿੱਚ ਸਮਾਂਨ ਰਾਤ ਦੇ ਚੋਰੀ ਕਰਕੇ ਲੈ ਗਏ ਹਨ ਪਿੰਡ ਵਾਲਿਆਂ ਦੇ ਦੱਸਣ ਅਨੁਸਾਰ ਸਕੂਲ ਵਿੱਚ ਲੱਗੇ ਕੈਮਰਿਆਂ ਤੋਂ ਪਤਾ ਲੱਗਾ ਹੈ ਕਿ ਚੋਰ ਮੋਟਰਸਾਈਕਲਾਂ ਤੇ ਸਵਾਰ ਹੋ ਕੇ ਆਏ ਸਨ ਇਸ ਦੀ ਜਾਣਕਾਰੀ ਪੁਲੀਸ ਚੌਕੀ ਗੋਲੇ ਵਾਲਾ ਨੂੰ ਦੇ ਦਿੱਤੀ ਗਈ ਹੈ। ਚੋਰਾਂ ਦੀ ਭਾਲ਼ ਕੀਤੀ ਜਾ ਰਹੀ ਹੈ। ਪੁਲਿਸ ਚੌਕੀ ਗੋਲੇ ਵਾਲਾ ਦੇ ਇੰਚਾਰਜ↔.↔ਸੁਖਦੇਵ ਸਿੰਘ ਨੇ ਦੱਸਿਆ ਕਿ ਜਲਦੀ ਹੀ ਚੋਰਾਂ ਨੂੰ ਫੜਕੇ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਪਿੰਡ ਵਾਸੀਆਂ ਨੇ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਦਿਨ ਪ੍ਰਤੀ ਦਿਨ ਚੋਰਾਂ ਦੇ ਹੌਸਲੇ ਬੁਲੰਦ ਹੁੰਦੇ ਵੇਖਣ ਨੂੰ ਮਿਲ ਰਹੇ ਹਨ ਦਿਨ ਪ੍ਰਤੀ ਦਿਨ ਚੋਰੀਆਂ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ ਅੱਜਕੱਲ੍ਹ ਚੋਰ ਨੇ ਸਿੱਖਿਆ ਦੇ ਮਿਆਰ ਨੂੰ ਵੀ ਨਹੀਂ ਬਖਸ਼ਦੇ ਆਮ ਪਬਲਿਕ ਦੀ ਪ੍ਰਸ਼ਾਸਨ ਨੂੰ ਅਪੀਲ ਹੈ ਕੀ ਇਸ ਤਰ੍ਹਾਂ ਦੀਆਂ ਦਿਨ ਪ੍ਰਤੀ ਦਿਨ ਵਾਰਦਾਤਾਂ ਵਧਦੀਆਂ ਜਾ ਰਹੀਆਂ ਹਨ ਇਨ੍ਹਾਂ ਚੋਰਾਂ ਨੂੰ ਨੱਥ ਪਾਈ ਜਾਵੇ ਅਤੇ ਇਨ੍ਹਾਂ ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਆਮ ਪਬਲਿਕ ਨੂੰ ਚੋਰਾਂ ਤੋਂ ਕੁਝ ਰਾਹਤ ਮਿਲ ਸਕੇ ਤੇ ਆਮ ਪਬਲਿਕ ਆਪਣੀ ਨੀਂਦ ਸੌਂ ਸਕਣ ਅਤੇ ਸੁੱਖ ਦੀ ਜ਼ਿੰਦਗੀ ਕੁਝ ਬਤੀਤ ਕਰ ਸਕਣ।

## ਡਿਪਸ ਆਈਐਮਟੀਦੇ ਵਿਦਿਆਰਥੀਆਂ ਨੇ ਪ੍ਰੀਖਿਆ ਵਿੱਚ ਕੀਤਾ ਸ਼ਾਨਦਾਰ ਪ੍ਰਦਰਸ਼ਨ

**ਜਲੰਧਰ/ਦੀਪਕ ਨਟਰਾਜ**

ਡਿਪਸ ਆਈਐਮਟੀਦੇ ਵਿਦਿਆਰਥੀਆਂ ਨੇ ਪੀਟੀਯੂਵੱਲੋਂ ਲਈ ਗਈ ਪ੍ਰੀਖਿਆ ਵਿੱਚ ਬਹੁਤ ਵਧੀਆ ਅੰਕ ਪ੍ਰਾਪਤ ਕਰਕੇ ਡਿਪਸ ਚੇਨ ਦਾ ਨਾਂ ਰੌਸ਼ਨ ਕੀਤਾ ਹੈ। ਜਾਣਕਾਰੀ ਦਿੰਦਿਆਂ ਕਾਲਜ ਦੇ ਡਾਇਰੈਕਟਰ ਕੇ.ਕੇ.ਹੰਡੂ ਨੇ ਦੱਸਿਆ ਕਿ ਕਾਲਜ ਦੇ 60 ਤੋਂ ਵੱਧ ਵਿਦਿਆਰਥੀਆਂ ਨੇ 80 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ।



ਬੀਸੀਏ ਪਹਿਲੇ ਸਮੈਸਟਰ ਵਿੱਚ ਬਿਪਨਜੀਤ, ਬੀਟੀਟੀਐਮ ਤੀਜੇ ਸਮੈਸਟਰ ਵਿੱਚ ਪ੍ਰੀਤੀ ਨੇ 84.80, ਐਮਬੀਏ ਤੀਜੇ ਸਮੈਸਟਰ ਵਿੱਚ ਵਿਨਤੀ ਕੁਮਾਰੀ ਨੇ 84.40, ਬੀਬੀਏ ਪਹਿਲੇ ਸਮੈਸਟਰ ਵਿੱਚ ਆਰਤੀ ਨੇ 84, ਬੀਐਸਸੀ ਐਮਐਲਐਸ ਤੀਜੇ ਸਮੈਸਟਰ ਵਿੱਚ ਰਾਖੀ ਨੇ 83.80, ਬੀਸੀਏ ਤੀਸਰੇ ਸਮੈਸਟਰ ਵਿਚ ਤਮਨਾ ਨੇ 83.50, ਐਮਕਾਮ ਪਹਿਲੇ ਸਮੈਸਟਰ ਵਿਚ ਕਮਲਦੀਪ ਸਿੰਘ ਨੇ 83.30, ਬੀਐਸਸੀ ਐਫਡੀ ਪਹਿਲੇ ਸਮੈਸਟਰ ਵਿੱਚ ਮਨਦੀਪ ਕੌਰ ਨੇ 83.20, ਬੀਟੀਟੀਐਮ ਤੀਜੇ ਸਮੈਸਟਰ ਵਿੱਚ ਪੁਨੀਤ ਦਾਦਰਾ, ਬੀਐਚਐਮਸੀਟੀ ਪਹਿਲੇ ਸਮੈਸਟਰ ਵਿੱਚ ਲਲਿਤ ਨੇ 83, ਬੀਐਸਸੀਐਮਐਲਐਸ ਪੰਚਵੇ ਸਮੈਸਟਰ ਵਿਚ ਕਨਿਕਾ, ਪ੍ਰੀਤਿ ਨੇ 82.60,ਐਮਐਸਸੀ ਐਮਐਲਐਸ ਪਹਿਲੇ ਸਮੈਸਟਰ ਵਿਚ ਅਨੁਪਮਾ ਨੇ 82.40,ਬੀਐਸਸੀ ਐਫਟੀ 5ਵੇਂ ਸਮੈਸਟਰ ਵਿੱਚ ਨਾਜਰਾ ਪ੍ਰਵੀਨ ਅਤੇ ਵੰਦਨਾ ਨੇ 82.20, ਬੀਐਸਸੀਐਮਐਲਐਸ 5ਵੇਂ ਸਮੈਸਟਰ ਵਿੱਚ ਐਮਡੀ ਆਸਿਫ਼, ਬੀਟੀਟੀਐਮ ਸੱਤਵੇਂ ਸੈਮੇਸਟਰ ਵਿੱਚ ਸ਼ਿਵਾਂਸ਼ੂ ਭਾਟੀਆ, ਬੀਐਸਸੀ ਐਮਐਲਐਸ ਪੰਜਵੇਂ ਸਮੈਸਟਰ ਵਿੱਚ ਕੁਸੁਮ ਨੇ 82.10, ਬੀਏਐਚਐਮਸੀਟੀ ਪਹਿਲੇ ਸਮੈਸਟਰ ਵਿੱਚ ਮਨੀਸ਼ਾ ਸੁਮਨ, ਪਾਂਚਵੇ ਸਮੈਸਟਰ ਵਿਚ ਮੀਨਾਸ਼ੀ ਨੇ82, ਬੀਐਸਸੀਐਮਐਲਐਸ ਤੀਜੇ ਸਮੈਸਟਰ ਵਿੱਚ ਮੋਹਿਨਾ ਨੇ81.90, ਸੁਖਦੀਪ ਨੇ ਐਮਸੀਐਮ ਆਈਟੀ ਪਹਿਲੇ ਸਮੈਸਟਰ ਵਿੱਚ 81.70, ਐਮਬੀਏ ਤੀਜੇ ਸਮੈਸਟਰ ਵਿੱਚ ਪ੍ਰੀਤੀ ਅਤੇ ਸਿਮਰਨਜੀਤ ਕੌਰ ਨੇ81.60, ਬੀਐਸਸੀਐਮਐਲਐਸ ਤੀਜੇ ਸਮੈਸਟਰ ਵਿੱਚ ਪ੍ਰਭਲੀਨ ਨੇ 81.40, ਐਮਬੀਏ ਤੀਸਰੇ ਸਮੈਸਟਰ ਵਿਚ ਰਵੀਨਾ ਨੇ 81.30, ਬੀਐਸਸੀ ਐਮਐਲਐਸ ਤੀਜੇ ਸਮੈਸਟਰ ਵਿੱਚ ਸ਼ਾਲੂ ਸ਼ਰਮਾ, ਬੀਐਚਐਮਸੀਟੀ ਪਹਿਲੇ ਸਮੈਸਟਰ ਵਿੱਚ ਨਰਿੰਦਰ ਅਤੇ ਮੁਸਕਾਨ, ਐਮਬੀਏ ਪਹਿਲੇ ਸਮੈਸਟਰ ਵਿੱਚ ਯੋਗਿਤਾ ਨੇ 81, ਨਵਦੀਪ ਕੌਰ ਨੇ ਬੀਐਸਸੀ ਐਫਡੀ ਤੀਸਰੇ ਸਮੈਸਟਰ ਵਿੱਚ 80.80, ਬੀਟੀਟੀਐਮ ਸਾਤਵੇਂ ਸਮੈਸਟਰ ਵਿਚ ਅਭਿਸ਼ੇਕ ਕੁਮਾਰ, ਕਮਲਪ੍ਰੀਤ ਕਮਲ, ਸੁਸ਼ਮਾ ਨੇ 80.70, ਐੱਮ.ਬੀ.ਏ ਤੀਜੇ ਸਮੈਸਟਰ ਦੀ ਪ੍ਰਿਅੰਕਾ ਨੇ 80.60, ਬੀ.ਸੀ.ਐੱਸ.ਐੱਮ.ਐੱਲ.ਐੱਸ. ਤੀਜੇ ਸਮੈਸਟਰ ਦੀ ਬੇਅੰਤ ਕੌਰ, ਪੰਜਵੇਂ ਸਮੈਸਟਰ ਦੀ ਪ੍ਰਿਆ ਰਾਣੀ, ਸਿਮਰਨ ਕੌਰ ਨੇ 80.50, ਬੀ.ਸੀ.ਏ ਪਹਿਲੇ ਸਮੈਸਟਰ ਦੀ ਮਹਿਮਾ, ਪੰਜਵੇਂ ਸਮੈਸਟਰ ਦੀ ਚਰਨਜੀਤ ਕੌਰ ਨੇ 80.40, ਐੱਮ.ਐੱਸ.ਸੀ.ਐਮਐਲਐਸ ਪਹਿਲੇ ਸਮੈਸਟਰ ਦੀ ਆਰਤੀ ਨੇ 80.30,ਬੀਸੀਐਮਐਮਐਲਐਸ ਪਹਿਲੇ ਸਮੈਸਟਰ ਦੇ ਅਕਸ਼ੈ,ਤੀਜੇ ਸਮੈਸਟਰ ਵਿੱਚ ਗੁਰਪ੍ਰੀਤ ਕੌਰ ਅਤੇ ਲਵਲੀ, 5ਵੇਂ ਸਮੈਸਟਰ ਵਿੱਚ ਜਸਦੀਪ ਸਿੱਧੂ, ਯਾਚਿਕਾ ਅਤੇ ਪ੍ਰੀਤੀ, ਐਮਐਸਸੀ ਐਮਐਲਐਸ ਪਹਿਲੇ ਸਮੈਸਟਰ ਵਿੱਚ ਆਸ਼ਾ ਰਾਣੀ, ਐਮਐਮਸੀ ਐਮਐਲਐਸ ਤੀਜੇ ਸਮੈਸਟਰ ਵਿੱਚ ਗੋਵਿੰਦਾ, ਬੀਬੀਏ ਪਹਿਲੇ ਸਮੈਸਟਰ ਵਿੱਚ ਅਰਮਾਨ, 5ਵੇਂ ਸਮੈਸਟਰ ਵਿੱਚ ਰਚਨਾ, ਬੀਕਾਮ 5ਵੇਂ ਸਮੈਸਟਰ ਵਿੱਚ ਮਨਜੇਤ, ਐਮਬੀਏ ਤੀਜੇ ਸਮੈਸਟਰ ਵਿੱਚ ਸੁਮਨ, ਬੀਐਸਸੀ ਐਫਟੀ 5ਵੇਂ ਸਮੈਸਟਰ ਵਿੱਚ ਪੂਨਮ, ਬੀਐਚਐਮਸੀਟੀ 7ਵੇਂ ਸਮੈਸਟਰ ਵਿੱਚ ਮਨਪ੍ਰੀਤ ਕੌਰ, ਸੁਨੈਨਾ,5ਵੇਂ ਸਮੈਸਟਰ ਵਿੱਚ ਰਮਨਦੀਪ, ਸੁਨੰਦਾ ਰਾਣੀ, ਪਹਿਲੇ ਸਮੈਸਟਰ ਵਿਚ ਸੌਰਵ ਨੇ 80 ਫੀਸਦੀ ਅੰਕ ਪ੍ਰਾਪਤ ਕੀਤੇ । ਇਸ ਮੌਕੇ ਐਮ.ਡੀ.ਸਰਦਾਰ ਤਰਵਿੰਦਰ ਸਿੰਘ, ਸੀ.ਏ.ਓ. ਰਮਨੀਕ ਸਿੰਘ ਅਤੇ ਸੀ.ਈ.ਓ. ਮੋਨਿਕਾ ਮੰਡੋਤਰਾ, ਕਾਲਜ ਡਾਇਰੈਕਟਰ ਡਾ.ਕੇ.ਕੇ.ਹੰਡੂ ਨੇ ਸਾਰੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਡਿਪਸ ਚੇਨ ਅਤੇ ਉਹਨਾਂ ਦੇ ਮਾਪਿਆਂ ਦਾ ਹਮੇਸ਼ਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।

## 13 ਹਜਾਰ ਕੱਚੇ ਅਧਿਆਪਕਾਂ ਨੂੰ ਪੱਕਾ ਕਰਕੇ ਆਪਣਾ ਵਾਅਦਾ ਪੂਰਾ ਕਰੇ ਆਪ ਦੀ ਸਰਕਾਰ : ਭਗਵਾਨ ਦਾਸ ਸੈਣੀ

**ਦੀਨਾਨਗਰ/ਡਾ.ਰਮੇਸ਼ ਸਰੰਗਲ**

ਕੱਚੇ ਅਧਿਆਪਕ ਯੂਨੀਅਨ ਦੇ ਸੀਨੀਅਰ ਆਗੂ ਭਗਵਾਨ ਦਾਸ ਸੈਣੀ ਨੇ ਪ੍ਰੈਸ ਨੂੰ ਪ੍ਰੈਸ ਨੋਟ ਜਾਰੀ ਕਰਦੇ ਹੋਏ ਕਿਹਾ ਕਿ ਪਿੱਛਲੇ 20 ਸਾਲਾ ਤੋਂ ਕੱਚੇ ਅਧਿਆਪਕਾਂ ਦਾ ਮੌਕੇ ਦੀਆਂ ਸਰਕਾਰਾਂ ਨੇ ਰੱਜ ਕੇ ਸ਼ੋਸ਼ਣ ਕੀਤਾ । ਜਦੋਂ ਜਦੋਂ ਵੀ ਕੱਚੇ ਅਧਿਆਪਕਾਂ ਨੇ ਆਪਣੀਆਂ ਮੰਗਾਂ ਦੀ ਪੂਰਤੀ ਲਈ ਸ਼ੰਘਰਸ ਕੀਤੇ, ਉਹਨਾਂ ਦੀ ਆਵਾਜ ਨੂੰ ਦਵਾਉਣ ਲਈ ਮੌਕੇ ਦੀਆਂ ਸਰਕਾਰਾਂ ਵੱਲੋਂ ਅੰਗਰੇਜਾਂ ਦੇ ਨਕਸ਼ੇ ਕਦਮ ਉੱਤੇ ਚਲਦੇ ਹੋਏ ਉਹਨਾਂ ਉੱਪਰ ਲਾਠੀਆਂ ਦਾ ਮੀਂਹ ਵਰਸਾਇਆ ਗਿਆ, ਉਹਨਾਂ ਨੂੰ ਜੇਲ੍ਹਾਂ ਅੰਦਰ ਡੱਕਿਆ ਗਿਆ । ਮਹਿਲਾਂ ਅਧਿਆਪਕਾਵਾਂ ਦੀਆਂ ਚੁੰਨੀਆਂ ਨੂੰ ਸੜਕਾਂ ਉੱਤੇ ਰੋਲਿਆਂ ਗਿਆ । ਉਹਨਾਂ ਦੇ ਸ਼ੰਘਰਸਾਂ ਨੂੰ ਰੋਕਣ ਲਈ ਉਹਨਾਂ ਉੱਪਰ ਅੱਥਰੂ ਗੈਸ ਦੇ ਗੋਲੇ ਵਰਸਾਏ ਗਏ । ਕਈ ਅਧਿਆਪਕਾਂ ਨੇ ਆਤਮ ਹੱਤਿਆਵਾਂ ਕੀਤੀਆਂ। ਕਈ ਰੈਗੂਲਰ ਹੋਣ ਦੀ ਉਮੀਦ ਵਿੱਚ ਅਕਾਲ ਚਲਾਣਾ ਕਰ ਗਏ । ਪਰ ਮੌਕੇ ਦੀਆਂ ਸਰਕਾਰਾ ਕੁੰਭਕਰਨੀ ਨੀਂਦ ਸੁੱਤੀਆਂ ਰਹੀਆਂ। ਉਨਾਂ ਕਿਹਾ ਕਿ ਪਿੱਛਲੇ 20 ਸਾਲਾਂ ਤੋਂ ਕੱਚੇ ਅਧਿਆਪਕ ਦੁੱਖ ਦੇ ਆਲਮ ਵਿੱਚ ਜਿੰਦਗੀ ਜੀਅ ਰਹੇ ਹਨ। ਉਹਨਾਂ ਵੱਲੋਂ ਕੀਤੇ ਸ਼ੰਘਰਸਾਂ ਦੀ ਲਿਸਟ ਬਹੁਤ ਲੰਬੀ ਹੈ। ਉਹਨਾਂ ਦੇ ਧਰਨੇ ਵਿੱਚ ਆਪ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਨਵਨਿਯੁਕਤ ਸਿੱਖਿਆ ਮੰਤਰੀ ਮੀਤ ਹੇਅਰ ਵੀ ਉਹਨਾਂ ਦੇ ਦੁੱਖਾਂ ਦੀ ਦਾਸਤਾ ਸੁਣ ਚੁੱਕੇ ਹਨ। ਉਹਨਾਂ ਦੇ ਧਰਨੇ ਵਿੱਚ ਅਰਵਿੰਦ ਕੇਜਰੀਵਾਲ ਨੇ ਐਲਾਨ ਕੀਤਾ ਸੀ ਕੇ ਪੰਜਾਬ ਵਿੱਚ ਆਪ ਸਰਕਾਰ ਆਉਣ ਤੇ ਉਹਨਾਂ ਨੂੰ ਬਿਨਾ ਸ਼ਰਤ ਰੈਗੂਲਰ ਕੀਤਾ ਜਾਵੇਗਾ। ਪੰਜਾਬ ਸਰਕਾਰ ਨੂੰ ਕੱਚੇ ਅਧਿਆਪਕ ਯੂਨੀਅਨ ਵੱਲੋਂ ਜੋਰਦਾਰ ਮੰਗ ਕੀਤੀ ਜਾਂਦੀ ਹੈ ਕਿ ਉਹਨਾਂ ਨੂੰ ਜਲਦ ਤੋਂ ਜਲਦ ਰੈਗੂਲਰ ਕਰਕੇ ਸਰਕਾਰ ਆਪਣਾ ਵਾਅਦਾ ਪੂਰਾ ਕਰੇ। ਤਾਂ ਜੋ ਕੱਚੇ ਅਧਿਆਪਕਾ ਫਿਰ ਸ਼ੰਘਰਸ ਨਾ ਕਰਨਾ ਪਵੇ।



# ਖ਼ਾਲਸਾ ਕਾਲਜ ਵੂਮੈਨ ਵਿਖੇ 'ਪੰਜਾਬ 'ਚ ਪੇਂਡੂ ਵਿਭਿੰਨਤਾ : ਦ੍ਰਿਸ਼ਟੀਕੋਣ ਅਤੇ ਚੁਣੌਤੀਆਂ' ਵਿਸ਼ੇ 'ਤੇ ਸੈਮੀਨਾਰ



**ਅੰਮ੍ਰਿਤਸਰ/ਲੋਕ ਬਾਣੀ**

ਖ਼ਾਲਸਾ ਕਾਲਜ ਫ਼ਾਰ ਵੂਮੈਨ ਦੇ ਅਰਥ ਸ਼ਾਸਤਰ ਵਿਭਾਗ ਵੱਲੋਂ ਆਈ. ਸੀ. ਐੱਸ. ਐੱਸ. ਆਰ. ਦੇ ਸਹਿਯੋਗ ਨਾਲ ਪੰਜਾਬ 'ਚ ਪੇਂਡੂ ਵਿਭਿੰਨਤਾ : ਦ੍ਰਿਸ਼ਟੀਕੋਣ ਅਤੇ ਚੁਣੌਤੀਆਂ ਵਿਸ਼ੇ 'ਤੇ 2 ਰੋਜ਼ਾ ਰਾਸ਼ਟਰੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਦਾ ਉਚੇਚੇ ਤੌਰ 'ਤੇ ਪੁੱਜੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪ੍ਰੋਫ਼ੈਸਰ ਆਫ ਐਮੀਨੈਂਸ ਡਾ. ਰਣਜੀਤ ਸਿੰਘ ਘੁੰਮਣ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡਾਇਰੈਕਟਰ ਰਿਸਰਚ ਡਾ. ਰੇਨੂੰ ਭਾਰਦਵਾਜ ਅਤੇ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਨਾਲ ਮਿਲ ਸ਼ਮ੍ਹਾ ਰੌਸ਼ਨ ਕਰਕੇ ਆਗਾਜ਼ ਕੀਤਾ।

ਇਸ ਮੌਕੇ ਉਪਰੰਤ ਪ੍ਰਿੰ: ਡਾ. ਸੁਰਿੰਦਰ ਕੌਰ ਨੇ ਸ: ਛੀਨਾ ਅਤੇ ਆਏ ਹੋਏ ਵਿਦਵਾਨਾਂ ਨੂੰ ਬੂਟਾ ਭੇਟ ਕਰਦਿਆਂ ਖੋਜ ਵਿਦਿਆਰਥੀਆਂ ਨੂੰ ਜੀ ਆਇਆ ਕਹਿੰਦਿਆਂ ਉਮੀਦ ਜ਼ਾਹਿਰ ਕੀਤੀ ਕਿ ਇਸ ਸੈਮੀਨਾਰ 'ਚ ਹੋਈ ਵਿਚਾਰ ਚਰਚਾ ਵਿਦਵਾਨਾਂ ਅਤੇ ਨੀਤੀ ਧਾਰਕਾਂ ਨੂੰ ਪ੍ਰਭਾਵਿਤ ਕਰੇਗੀ।

ਇਸ ਮੌਕੇ ਸ: ਛੀਨਾ ਨੇ ਉਦਘਾਟਨੀ ਭਾਸ਼ਣ ਦਿੰਦਿਆਂ ਕਿਹਾ ਕਿ ਸੂਬੇ ਨੂੰ ਪਹਿਲਾਂ ਵਾਲੇ ਗੌਰਵਮਈ ਸਥਾਨ ਤੱਕ ਪਹੁੰਚਾਉਣ ਲਈ ਨਵੀਆਂ ਨੀਤੀਆਂ ਘੜਨੀਆਂ ਹੋਣਗੀਆਂ, ਪੰਜਾਬ ਦੀ ਨੌਜਵਾਨ ਪੀੜ੍ਹੀ ਦੇ ਬਾਹਰਲੇ ਮੁਲਕਾਂ ਨੂੰ ਪਲਾਇਨ ਰੋਕਣਾ ਹੋਵੇਗਾ ਤੇ ਪੰਜਾਬ 'ਚ ਇੰਡਸਟਰੀ ਨੂੰ ਪ੍ਰਫੁਲਿਤ ਕੀਤਾ ਜਾਣਾ ਚਾਹੀਦਾ ਹੈ।

ਇਸ ਉਪਰੰਤ ਡਾ. ਘੁੰਮਣ ਨੇ ਕੁੰਜੀਵਤ ਭਾਸ਼ਣ ਦਿੰਦੇ ਹੋਏ ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਪੇਂਡੂ ਆਰਥਿਕਤਾ ਦਾ ਵਿਕਾਸ ਕਰਨਾ ਹੈ ਤਾਂ ਪਿੰਡ ਨੂੰ ਸਿਰਫ਼ ਖੇਤੀ ਕੇਂਦਰਿਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਪਿੰਡ ਵਿਚਲੀਆਂ ਜ਼ਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀਆਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਦੀ ਕਾਰਜਸ਼ੈਲੀ ਦੀ ਮਹੱਤਤਾ ਨੂੰ ਸਮਝਣਾ ਹੋਵੇਗਾ ਅਤੇ ਸੂਬਾ ਤੇ ਕੇਂਦਰ ਨੂੰ ਸਰਕਾਰ ਨੂੰ ਕਾਰਗਰ ਢੰਗ ਨਾਲ ਪਾਲਸੀਆਂ ਘੜ ਕੇ ਲਾਗੂ ਕਰਨੀਆਂ ਹੋਣਗੀਆਂ।

ਸੈਮੀਨਾਰ ਮੌਕੇ ਡਾ. ਰੇਨੂੰ ਭਾਰਦਵਾਜ ਨੇ ਪੰਜਾਬ ਦੇ ਇਕਸਾਰ ਵਿਕਾਸ ਲਈ ਵਾਤਾਵਰਣ ਨੂੰ ਧਿਆਨ 'ਚ ਰੱਖਣ 'ਤੇ ਅਤੇ ਸਮੇਂ ਅਨੁਸਾਰ ਬਦਲਾਵ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਸੈਮੀਨਾਰ ਦੇ ਅੰਤ 'ਚ ਕਨਵੀਨਰ ਅਤੇ ਵਿਭਾਗ ਦੇ ਮੁਖੀ ਡਾ. ਜਸਵਿੰਦਰ ਸਿੰਘ ਨੇ ਆਏ ਹੋਏ ਵਿਦਵਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਵਾਈਸ ਪ੍ਰਿੰਸੀਪਲ ਡਾ. ਜਤਿੰਦਰ ਕੌਰ ਅਤੇ ਅਰਥ ਸ਼ਾਸਤਰ ਵਿਭਾਗ ਦੇ ਮੁਖੀ ਡਾ. ਜਸਵਿੰਦਰ ਸਿੰਘ ਤੋਂ ਇਲਾਵਾ ਹੋਰ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

# ਸ਼ਾਂਤੀ ਦੇਵੀ ਕਾਲਜ ਚ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਲਈ ਉਦਮੀ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ




**ਦੀਨਾਨਗਰ/ਡਾ.ਰਮੇਸ਼ ਸਰੰਗਲ**

ਭਾਰਤ ਸਰਕਾਰ ਦੇ ਐੱਮ ਐੱਸ ਐਮ ਈ ਮੰਤਰਾਲੇ ਦੇ ਅਧੀਨ ਐੱਮ ਐਸ ਐਮ ਈ ਵਿਕਾਸ ਸੰਸਥਾ ਲੁਧਿਆਣਾ ਨੇ 21 ਮਾਰਚ, 2022 ਨੂੰ ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ ਚ ਸਿੱਖਿਅਤ ਬੇਰੁਜ਼ਗਾਰ ਨੌਜਵਾਨਾਂ ਲਈ ਸਾਵਧਾਨਤਾ ਪ੍ਰੋਗਰਾਮ ÷ ਦਾ ਜਵਾਬ ਦਿੱਤਾ। ਐਮ ਐਸ ਐਮ ਈ ਵਿੱਤੀ ਨੇ ÷ਇੱਕ ਜਿਲਾ ਇੱਕ ਕਾਲਜ÷ ਯੋਜਨਾਵਾਂ ਦੇ ਤਹਿਤ ਇਸ ਤਰ੍ਹਾਂ ਦੇ ਪ੍ਰੋਗਰਾਮ ਨੂੰ ਤਿਆਰ ਕਰਨਾ ਹੈ ਅਤੇ ਮੰਜ਼ਿਲ ਨੇ ਇਸ ਪ੍ਰੋਗਰਾਮ ਲਈ ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ, ਦੀਨਾਗਰ ਨੂੰ ਵੇਨਿਊ ਦੇ ਰੂਪ ਵਿੱਚ ਚੁਣਿਆ ਹੈ। ਇਸ ਪ੍ਰੋਗਰਾਮ @ ਵਿੱਚ ਸੌ ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਕਾਲਜ ਦੀ ਪ੍ਰਿੰਸੀਪਲ ਡਾ. ਰੀਨਾ ਤਲਵਾਰ ਨੇ ਕਿਹਾ ਕਿ ਉਹ ਕੇਂਦਰ ਕਿਮਾਈ ਨੇ ਔਰਤਾਂ ਵਿੱਚ ਆਰਥਿਕ ਸੁਤੰਤਰਤਾ ਪੈਦਾ ਕਰਨ ਲਈ ਇੱਕ ਪ੍ਰਦਾਨ ਕੀਤਾ। ਉਹ ਲਿਜ਼ਤ ਪਾਪੜ, ਅਤੇ ਸਮਾਰਥ ਆਦਿ ਮਹਿਲਾ ਉਦਯੋਗਪਤੀਆਂ ਦੇ ਵੱਖ-ਵੱਖ ਉਦਾਹਰਣਾਂ ਦਿੱਤੀਆਂ। ਵੀਰੇਂਦਰ ਸ਼ਰਮਾ, ਕੰਟਰੋਲ ਭਾਰਤ ਸਰਕਾਰ ਲੁਧਿਆਣਾ ਨੇ ਵਿਦਿਆਰਥੀਆਂ ਨੂੰ ਭਾਰਤ ਸਰਕਾਰ ਦੁਆਰਾ ਪ੍ਰਦਾਨ ਕੀਤੀ ਜਾ ਰਹੀ ਹੈ ਵੱਖ-ਵੱਖ ਯੋਜਨਾਵਾਂ ਤੋਂ ਅਵਗਤਾਂ ਲਈ ਨਿਰਦੇਸ਼ਕ ਕੀਤੇ ਗਏ ਕਲਮ ਉਦਯੋਗ ਸਫਲ ਬਣ ਸਕਦੇ ਹਨ। ਉਹ ਸਟਾਰਟਅੱਪ ਲਈ ਸਰਕਾਰ ਦੁਆਰਾ ਦਿੱਤੀ ਜਾ ਰਹੀ ਹੈ , ਵੱਖ-ਵੱਖ ਕਰਜ਼ੇ ਦੀਆਂ ਯੋਜਨਾਵਾਂ ਅਤੇ ਸਬਸਿਡੀ ਦੇ ਬਾਰੇ ਚ ਦੱਸਿਆ। ਦੀਪ ਚੇਚੀ, ? ਲੁਧਿਆਣਾ ਕੇ ਸਹਾਇਕ, ਨੇ ÷ਪ੍ਰਧਾਨ ਮੰਤਰੀ ਉਤਪਾਦਨ÷ ਸ ?ਜਨ ਪ੍ਰੋਗਰਾਮ (ਪੀਐਮਈਜੀਪੀ) ਉੱਤੇ ਜ਼ੋਰ ਦਿੱਤਾ। ਉਹ ਪਾਸ ਕਿ ਭਾਰਤ ਸਰਕਾਰ ਪੰਜਾਬ ਦੇ ਉੱਦਮੀ ਵਿਕਾਸ ਲਈ ਇੱਕ ਚੰਗਾ ਵਿਚਾਰ ਹੈ।

ਡੀਆਈਸੀ ਬਟਾਲਾ ਕੇ ਸ਼੍ਰੀ ਅਸ਼ਵਿਨੀ ਨੇ ਵੱਖ-ਵੱਖ ਯੋਜਨਾਵਾਂ ਅਤੇ ÷ਇਨਵੇਸਟ ਪੰਜਾਬ÷ ਯੋਜਨਾ ਬਾਰੇ ਦੱਸਿਆ।

ਸ਼੍ਰੀ ਰਾਜਨ ਮਲਹੋਤਰਾ ਐਲਡੀਐਮ ਗੁਰਦਾਸਪੁਰ, ਨੇਮੋਮਈ ਦੇ ਅਧੀਨ ਵੱਖ-ਵੱਖ ਸਿਖਲਾਈ ਪ੍ਰੋਗਰਾਮ ਅਤੇ ਬੈਂਕ ਦੇ ਪ੍ਰੋਗਰਾਮ 'ਤੇ ਵਿਆਪਕ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ। ਸਮਾਪਨ ਸੈਸ਼ਨ ਵਿੱਚ ਰਿਸੋਰਸ ਪਰਸਨ ਦੁਆਰਾ ਵਿਦਿਆਰਥੀਆਂ ਦੇ ਸਵਾਲਾਂ ਦੇ ਸੰਤੋਸ਼ਜਨਕ ਜਵਾਬ ਦਿੱਤੇ ਗਏ। ਨੌਜਵਾਨ ਉੱਦਮੀ ਸ਼੍ਰੀ ਰਮਨ ਕੀ ਸਫਲਤਾ ਦੀ ਕਹਾਣੀ 'ਤੇ ਵੀ ਚਰਚਾ ਦੀ।

ਸ਼੍ਰੀਮਤੀ ਨੀਨੂ ਸ਼ਰਮਾ, ਡਿਪਾਰਟਮੈਂਟ ਡਾਇਰੈਕਟਰ ਕਾਮਰਸ ਨੇ ਮੰਚ ਦਾ ਸੰਚਾਰ ਕੀਤਾ ਅਤੇ ਸ਼੍ਰੀਮਤੀ ਸ਼ੈਲਿਕਾ, ਵਿਭਾਗ ਪ੍ਰਧਾਨ ਇਕੋਨੌਮਿਕਸ ਨੇ ਧੰਨਵਾਦ ਪ੍ਰਸਤਾਵ ਪੇਸ਼ ਕੀਤਾ। ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਬਹੁਤ ਕੁਝ ਸਿਖਿਆ ਅਤੇ ਖੁਸ਼ੀ ਹੋਈ ਕਿ ਕਾਲਜ ਨੇ ਇਸ ਤਰ੍ਹਾਂ ਇੱਕ ਦਿਲਚਸਪ ਪ੍ਰੋਗਰਾਮ ਦਾ ਜਵਾਬ ਦਿੱਤਾ ਹੈ। ਅੰਤ ਵਿੱਚ ਸਕੱਤਰ ਪ੍ਰਬੰਧਕ ਕਮੇਟੀ ਦੇ ਸਕੱਤਰ ਸ਼੍ਰੀ ਧਰਮ ਇੰਦੂ ਗੁਪਤ ਦੁਆਰਾ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਪ੍ਰੋਗਰਾਮ ਦੇ ਦੌਰਾਨ ਸ਼੍ਰੀਮਤੀ ਏਕਤਾ , ਸ਼੍ਰੀਮਤੀ ਸਾਖੀ, ਸ਼੍ਰੀਮਤੀ ਰਮਾ, ਸ਼੍ਰੀਮਤੀ ਸੋਨੀਕਾ, ਨੇਹਾ, ਸ਼ਾਲੂ, ਸ਼੍ਰੀਮਤੀ ਕਵਲਜੀਤ, ਆਕਾਂਸ਼ਾ ਅਤੇ ਹੋਰ ਮੈਂਬਰ ਵੀ ਮੌਜੂਦ ਸਨ।

# ਖ਼ਾਲਸਾ ਕਾਲਜ ਇੰਜਨੀਅਰਿੰਗ ਵਿਖੇ ਰੁਜ਼ਗਾਰ ਯੋਗਤਾਵਾਂ ਨੂੰ ਵਧਾਉਣ ਸੰਬੰਧੀ ਵਰਕਸ਼ਾਪ ਕਰਵਾਈ



**ਅੰਮ੍ਰਿਤਸਰ/ਨੇਹਾ ਗਿੱਲ**

ਖਾਲਸਾ ਕਾਲਜ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ ਆਈ. ਬੀ. ਟੀ., ਅੰਮ੍ਰਿਤਸਰ ਦੇ ਸਹਿਯੋਗ ਨਾਲ ਮੌਜੂਦਾ ਨੌਕਰੀਆਂ ਪ੍ਰਾਪਤ ਕਰਨ ਲਈ ਮੌਜੂਦਾ ਹਾਲਾਤਾਂ ਅਤੇ ਮੁਕਾਬਲੇਬਾਜ਼ੀ ਦੇ ਯੁੱਗ ਨੂੰ ਧਿਆਨ 'ਚ ਰੱਖਦਿਆਂ 'ਰੋਜ਼ਗਾਰ ਯੋਗਤਾ ਵਿਸ਼ੇਸ਼ਤਾਵਾਂ ਨੂੰ ਵਧਾਉਣ' ਵਿਸ਼ੇ 'ਤੇ 5 ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਨੇ ਕਿਹਾ ਕਿ ਅਜੋਕੇ ਮੁਕਾਬਲੇ ਦੇ ਯੁੱਗ 'ਚ ਅਜਿਹੀਆਂ ਵਰਕਸ਼ਾਪਾਂ ਕਰਵਾਉਣੀਆਂ ਲਾਜ਼ਮੀ ਹਨ ਕਿਉਂਕਿ ਇਹ ਵਰਕਸ਼ਾਪਾਂ ਵਿਦਿਆਰਥੀਆਂ ਦੇ ਹੁਨਰ ਅਤੇ ਯੋਗਤਾ ਦੇ ਵਿਕਾਸ 'ਤੇ ਕੇਂਦਰਿਤ ਹੁੰਦੀਆਂ ਹਨ ਜੋ ਕਿ ਜਨਤਕ ਅਤੇ ਪ੍ਰਾਈਵੇਟ ਦੋਵਾਂ ਖੇਤਰਾਂ 'ਚ ਵੱਖ-ਵੱਖ ਪ੍ਰੀਖਿਆਵਾਂ ਅਤੇ ਇੰਟਰਵਿਊ ਲਈ ਲੋੜੀਂਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਮੌਕੇ ਰਾਹੁਲ ਗਰਗ, ਮਹਿਕ ਭਾਟੀਆ, ਵਿਨੈ ਅਰੋੜਾ, ਕਾਜਲ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਨੇ ਯੋਗਤਾ, ਹੁਨਰ, ਸੰਚਾਰ ਹੁਨਰ, ਵਰਤਮਾਨ ਮਾਮਲੇ, ਸ਼ਖਸੀਅਤ ਵਿਕਾਸ ਆਦਿ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਉਪਰੋਕਤ ਵਿਸ਼ਿਆਂ ਨਾਲ ਸਬੰਧਿਤ ਉਨ੍ਹਾਂ ਦੇ ਸ਼ੰਕਿਆਂ ਨੂੰ ਦੂਰ ਕੀਤਾ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਪਬਲਿਕ ਸੈਕਟਰ ਅੰਡਰਟੇਕਿੰਗਜ਼, ਸਟੇਟ ਇੰਜੀਨੀਅਰਿੰਗ ਸੇਵਾਵਾਂ, ਭਾਰਤੀ ਹਥਿਆਰਬੰਦ ਸੈਨਾਵਾਂ, ਸਿਵਲ ਸੇਵਾਵਾਂ, ਐਸ. ਐਸ. ਸੀ. ਆਦਿ ਵੱਖ-ਵੱਖ ਸੈਕਟਰਾਂ 'ਚ ਵੱਖ-ਵੱਖ ਨੌਕਰੀਆਂ ਸਬੰਧੀ ਜਾਗਰੂਕ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਵਰਕਸ਼ਾਪ 'ਚ 100 ਦੇ ਕਰੀਬ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਅਤੇ ਜੋਸ਼ ਨਾਲ ਹਿੱਸਾ ਲਿਆ। ਵਰਕਸ਼ਾਪ ਦੇ ਆਖ਼ਰੀ ਦਿਨ ਵਿਦਿਆਰਥੀਆਂ ਲਈ ਮੌਕ ਟੈਸਟ ਅਤੇ ਮੌਕ ਇੰਟਰਵਿਊ ਲਏ ਗਏ ਤਾਂ ਜੋ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਬਾਰੇ ਅਸਲ ਜਾਣਕਾਰੀ ਮਿਲ ਸਕੇ। ਇਸ ਮੌਕੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਵਰਕਸ਼ਾਪ ਦੀ ਸਫਲਤਾਪੂਰਵਕ ਸ਼ੁਰੂਆਤ ਲਈ ਡਾ. ਬਾਲਾ ਅਤੇ ਵਰਕਸ਼ਾਪ ਦੇ ਕੋਆਰਡੀਨੇਟਰ ਡਾ. ਜੁਗਰਾਜ ਸਿੰਘ (ਡਿਪਟੀ ਡੀਨ ਟੀ. ਐਂਡ ਪੀ.) ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੀਆਂ ਵਰਕਸ਼ਾਪਾਂ ਦਾ ਆਯੋਜਨ ਵਿਦਿਆਰਥੀਆਂ ਦੀ ਬੇਹਤਰੀ ਲਈ ਭਵਿੱਖ 'ਚ ਵੀ ਇਵੇਂ ਹੀ ਜਾਰੀ ਰਹਿਣੀਆਂ ਚਾਹੀਦੀਆਂ ਹਨ।

# ਨਹਿਰੂ ਯੁਵਾ ਕੇਂਦਰ ਲੁਧਿਆਣਾ ਵੱਲੋਂ 13ਵੇਂ ਕਬਾਇਲੀ ਯੂਥ ਐਕਸਚੇਂਜ ਪ੍ਰੋਗਰਾਮ ਦਾ ਆਯੋਜਨ



**ਲੁਧਿਆਣਾ/ਸੁਖਚੈਨ ਮਹਿਰਾ**

ਨਹਿਰੂ ਯੁਵਾ ਕੇਂਦਰ ਲੁਧਿਆਣਾ, ਯੁਵਾ ਮਾਮਲੇ ਅਤੇ ਖੇਡ ਮੰਤਰਾਲਾ, ਭਾਰਤ ਸਰਕਾਰ ਵੱਲੋਂ 24 ਮਾਰਚ ਤੋਂ 30 ਮਾਰਚ 2022 ਤੱਕ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਵਿਖੇ ਗ੍ਰਹਿ ਮੰਤਰਾਲੇ, ਭਾਰਤ ਸਰਕਾਰ ਦੇ ਸਹਿਯੋਗ ਨਾਲ 13ਵਾਂ ਕਬਾਇਲੀ ਯੂਥ ਐਕਸਚੇਂਜ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਛੱਤੀਸਗੜ੍ਹ ਰਾਜ ਦੇ 200 ਕਬਾਇਲੀ ਨੌਜਵਾਨ ਅਤੇ 20 ਸੀ.ਆਰ.ਪੀ.ਐਫ. ਜਵਾਨ ਸ਼ਾਮਲ ਹਨ। ਉਦਘਾਟਨੀ ਸਮਾਰੋਹ 24 ਮਾਰਚ 2022 ਨੂੰ ਹੋਵੇਗਾ ਅਤੇ ਪ੍ਰੋਗਰਾਮ ਦਾ ਉਦਘਾਟਨ ਮਾਨਯੋਗ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਵੱਲੋਂ ਕੀਤਾ ਜਾਵੇਗਾ। 13ਵੇਂ ਕਬਾਇਲੀ ਯੂਥ ਐਕਸਚੇਂਜ ਪ੍ਰੋਗਰਾਮ ਦਾ ਮੂਲ ਉਦੇਸ਼ ਦੇਸ਼ ਦੇ ਸਭ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਜ਼ਿਲ੍ਹਿਆਂ ਦੇ ਕਬਾਇਲੀ ਨੌਜਵਾਨਾਂ ਨੂੰ ਪੰਜਾਬ ਦੇ ਲੋਕਾਂ ਦੀ ਸੱਭਿਆਚਾਰਕ ਕਦਰਾਂ-ਕੀਮਤਾਂ, ਭਾਸ਼ਾਵਾਂ ਅਤੇ ਜੀਵਨਸ਼ੈਲੀ ਤੋਂ ਜਾਣੂ ਕਰਵਾਉਣਾ, ਪੰਜਾਬ ਵਿੱਚ ਤਕਨੀਕੀ ਅਤੇ ਉਦਯੋਗਿਕ ਉੱਨਤੀ ਨਾਲ ਜਾਣੂੰ ਕਰਵਾਉਣਾ ਹੈ ਜੋ ਵੱਖ-ਵੱਖ ਖੇਤਰਾਂ @ਤੇ ਕੇਂਦਰਿਤ ਹੈ। ਵਿਕਾਸ ਦੀਆਂ ਗਤੀਵਿਧੀਆਂ, ਹੁਨਰ ਵਿਕਾਸ, ਵਿੱਦਿਅਕ ਅਤੇ ਰੁਜ਼ਗਾਰ ਦੇ ਮੌਕੇ ਉਪਲਬਧ ਹਨ, ਕਬਾਇਲੀ ਨੌਜਵਾਨਾਂ ਨੂੰ ਅਮੀਰ ਪਰੰਪਰਾਗਤ ਅਤੇ ਸੱਭਿਆਚਾਰਕ ਵਿਰਸੇ ਬਾਰੇ ਸੰਵੇਦਨਸ਼ੀਲ ਬਣਾਉਣਾ ਅਤੇ ਭਵਿੱਖੀ ਪੀੜ੍ਹੀ ਲਈ ਇਸ ਨੂੰ ਸੁਰੱਖਿਅਤ ਰੱਖਣ ਦੇ ਯੋਗ ਬਣਾਉਣ ਲਈ, ਕਬਾਇਲੀ ਨੌਜਵਾਨਾਂ ਨੂੰ ਆਪਣੇ ਸਾਥੀ ਸਮੂਹਾਂ ਨਾਲ ਭਾਵਨਾਤਮਕ ਸਬੰਧ ਵਿਕਸਿਤ ਕਰਨ ਵਿੱਚ ਮਦਦ ਕਰਨ ਲਈ। ਦੇਸ਼ ਦੇ ਦੂਜੇ ਹਿੱਸੇ ਅਤੇ ਆਪਣੇ ਸਵੈਮਾਣ ਨੂੰ ਵਧਾਉਣਾ। 7-ਦਿਨਾਂ ਪ੍ਰੋਗਰਾਮ ਦੌਰਾਨ, ਭਾਗੀਦਾਰ ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਮਲ ਹੋਣਗੇ ਜਿਵੇਂ ਕਿ ਸਫਾਈ ਅਭਿਆਨ, ਰੁੱਖ ਲਗਾਉਣਾ, ਯੋਗਾ/ਧਿਆਨ ਸੈਸ਼ਨ, ਉਦਯੋਗਿਕ ਇਕਾਈਆਂ ਦਾ ਦੌਰਾ, ਘੋਸ਼ਣਾ ਅਤੇ ਸੱਭਿਆਚਾਰਕ ਮੁਕਾਬਲੇ, ਸਥਾਨਕ ਵਿਦਿਆਰਥੀਆਂ ਨਾਲ ਗੱਲਬਾਤ, ਪ੍ਰਭਾਤ ਫੇਰੀ, ਅੰਮ੍ਰਿਤਸਰ ਦਾ ਦੌਰਾ ਆਦਿ। ਸਮਾਪਤੀ ਸਮਾਰੋਹ 30 ਮਾਰਚ 2022 ਨੂੰ ਹੋਵੇਗਾ।